

Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 24
September 20, 2017

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਯੂਨਾਈਟਿਡ ਸਪੋਰਟਸ ਕਲੱਬ ਅਮਰੀਕਾ ਵਲੋਂ ਕਰਵਾਏ ਕਬੱਡੀ ਕੱਪ 'ਚ ਬੇ ਏਰੀਆ ਸਪੋਰਟਸ ਕਲੱਬ ਨੇ ਬਾਜੀ ਮਾਰੀ


ਰਿਪੋਰਟ ਦੇਖੋ ਸਫਾ 20 'ਤੇ
ਤਸਵੀਰਾਂ ਦੇਖੋ ਸਫਾ 11 ਤੋਂ 14 ਤੱਕ






ਤਸਵੀਰਾਂ ਦੇਸ਼ ਦੁਆਬਾ

## ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਕਿਸਾਨ ਘੇਰਨਗੇ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਕਿਸਾਨ ਕਰਜ਼ਾ ਮੁਆਫ਼ੀ ਸਮੇਤ ਹੋਰਨਾਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਨਿਕਲਣੇ ਸ਼ੁਰੂ ਹੋ ਗਏ ਹਨ। ਉਪਰੋਂ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਕਰਕੇ ਕੈਪਟਨ ਸਰਕਾਰ 'ਤੇ ਕਰਜ਼ਾ ਮੁਆਫ਼ੀ ਲਈ ਦਬਾਅ ਵਧਣ ਲੱਗਾ ਹੈ। ਲਿਹਾਜ਼ਾ ਭਲਕ ਦੀ ਕੈਬਨਿਟ ਮੀਟਿੰਗ ਵਿੱਚ ਸਰਕਾਰ ਨੂੰ ਇਸ ਮੁੱਦੇ 'ਤੇ ਪੇਸ਼ਕਦਮੀ ਕਰਨੀ ਹੋਵੇਗੀ, ਪਰ ਸਰਕਾਰੀ ਖ਼ਜ਼ਾਨਾ ਖਾਲੀ ਹੋਣ ਕਰਕੇ ਕਰਜ਼ਾ ਮੁਆਫ਼ੀ ਸਕੀਮ 'ਤੇ ਸਵਾਲੀਆ ਨਿਸ਼ਾਨ ਲੱਗਾ ਹੋਇਆ ਹੈ। ਚਰਚਾ ਹੈ ਕਿ ਪਹਿਲੇ ਪੜਾਅ ਵਿੱਚ ਸਹਿਕਾਰੀ ਕਰਜ਼ੇ ਦਾ ਹੱਲ ਕੱਢਿਆ ਜਾਵੇਗਾ ਤੇ ਕਰਜ਼ਾ ਮੁਆਫ਼ੀ ਨੂੰ ਕਿਸ਼ਤਾਂ ਵਿੱਚ ਲਾਗੂ ਕਰਨ ਦੇ ਯਤਨ ਕੀਤੇ ਜਾਣਗੇ। ਮੁੱਖ ਮੰਤਰੀ ਦਫ਼ਤਰ ਦੇ ਸੀਨੀਅਰ ਅਧਿਕਾਰੀਆਂ ਨੇ ਇਸ ਸਿਲਸਿਲੇ ਵਿੱਚ ਖੇਤੀਬਾੜੀ ਵਿਭਾਗ ਦੇ ਸਬੰਧਤ ਅਧਿਕਾਰੀਆਂ ਨਾਲ ਇਸ ਮੁੱਦੇ 'ਤੇ ਮੁੜ ਮੀਟਿੰਗ ਕੀਤੀ ਹੈ। ਵਿਭਾਗ ਨੇ ਆਪਣੇ ਵੱਲੋਂ ਕਰਜ਼ਾ ਮੁਆਫ਼ੀ ਬਾਰੇ ਨੋਟੀਫਿਕੇਸ਼ਨ ਦਾ ਖਰੜਾ ਵਿੱਤ ਵਿਭਾਗ ਨੂੰ ਸੌਂਪ ਦਿੱਤਾ ਹੈ। ਇਸ ਖਰੜੇ ਵਿੱਚ ਕਿੰਨਾ ਪੈਸਾ ਦੇਣਾ ਹੈ, ਇਹ ਖਾਲੀ ਥਾਂ ਖ਼ਜ਼ਾਨਾ ਵਿਭਾਗ ਨੇ ਭਰਨੀ ਹੈ। ਸਰਕਾਰ ਨੇ ਦਸ ਹਜ਼ਾਰ ਦੇ



ਬਾਂਡ ਜਾਰੀ ਕਰਨ ਦੀ ਆਗਿਆ ਲੈਣ ਲਈ ਵੀ ਯਤਨ ਕੀਤੇ ਹਨ। ਸੂਤਰਾਂ ਮੁਤਾਬਕ ਰਾਜ ਸਰਕਾਰ ਭਲਕ ਦੀ ਕੈਬਨਿਟ ਮੀਟਿੰਗ ਵਿੱਚ ਸਹਿਕਾਰੀ ਬੈਂਕਾਂ ਦੇ ਕਰਜ਼ੇ ਦਾ ਕੋਈ ਹੱਲ ਕੱਢ ਸਕਦੀ ਹੈ ਅਤੇ ਪਹਿਲੀ ਕਿਸ਼ਤ ਵਜੋਂ ਕੁਝ ਰਕਮ ਜਾਰੀ ਕਰਨ ਦੀ ਵੀ ਸੰਭਾਵਨਾ ਹੈ।

ਉਧਰ ਅਧਿਕਾਰੀਆਂ ਨੇ ਸੰਪਰਕ ਕਰਨ 'ਤੇ ਕਿਹਾ ਕਿ ਸਰਕਾਰ ਦੀ ਵਿੱਤੀ ਹਾਲਤ ਮਾੜੀ ਹੋਣ ਕਰ ਕੇ ਕਰਜ਼ਾ ਮੁਆਫ਼ੀ ਸਕੀਮ ਨੂੰ ਲਾਗੂ ਕਰਨ ਬਾਰੇ ਵਿੱਤ ਸਕੱਤਰ ਹੀ ਦੱਸਣਗੇ। ਉਨ੍ਹਾਂ ਇਸ਼ਾਰਾ ਕੀਤਾ ਕਿ ਸਰਕਾਰ ਮਾਲੀਆ ਜੁਟਾਉਣ ਲਈ ਕੁਝ ਸਖ਼ਤ ਫ਼ੈਸਲੇ ਲੈਣਾ ਚਾਹੁੰਦੀ ਸੀ, ਪਰ ਗੁਰਦਾਸਪੁਰ ਜ਼ਿਮਨੀ ਚੋਣ ਅਤੇ **(ਬਾਕੀ ਸਫਾ 4 ਤੇ)**

## ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ (ਡੀ. ਡੀ. ਬੀ.)–** ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ 24 ਸਤੰਬਰ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ ਵਿਸ਼ਵ ਪੱਧਰ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਹ ਕਬੱਡੀ ਕੱਪ ਗੁਰਦੁਆਰਾ ਸਾਹਿਬ ਦਸ਼ਮੇਸ਼ ਦਬਾਰਾ ਜੋ ਕਿ ਐਲਕ ਗਰੋਵ ਫਲੋਰਨ ਰੋਡ ਤੇ ਸਥਿਤ ਹੈ ਅਤੇ ਨਵਾਂ ਬਣਿਆ ਹੈ, ਦੀ ਖਾਲੀ ਪਈ ਜਮੀਨ ਉਤੇ ਕਰਵਾਇਆ ਜਾ ਰਿਹਾ ਕਬੱਡੀ ਕੱਪ **(ਬਾਕੀ ਸਫਾ 5 ਤੇ ਅਤੇ ਇਸ਼ਤਿਹਾਰ ਦੇਖੋ ਸਫਾ 24 'ਤੇ)**

## ਢਾਈ ਲੱਖ ਦੀ ਟੋਕਰੀ ਵੇਚਣ ਵਾਲਾ 20 ਰੁਪਏ ਦਿਹਾੜੀ 'ਤੇ ਉਗਾਏਗਾ ਸਬਜ਼ੀਆਂ

**ਚੰਡੀਗੜ੍ਹ (ਬਿਊਰੋ)–** ਕੋਈ ਵਕਤ ਸੀ ਜਦੋਂ ਰਾਮ ਰਹੀਮ ਦੇ ਹੱਥ ਲੱਗੇ ਵਾਲੀ ਇਕ 5 ਰੁਪਏ ਦੀ ਸਧਾਰਨ ਜਿਹੀ ਫਲਾਂ ਦੀ ਟੋਕਰੀ ਢਾਈ ਲੱਖ ਵਿਚ ਨੀਲਾਮ ਹੁੰਦੀ ਸੀ। ਇਹ ਘਟਨਾ ਬਿਲਕੁਲ ਸੱਚੀ ਹੈ ਅਤੇ ਪਟਿਆਲਾ ਨੇੜੇ ਸੰਗਰੂਰ ਰੋਡ ਤੇ ਸਥਿਤ ਰਾਮ ਰਹੀਮ ਦੇ ਡੇਰੇ ਵਿਚ ਵਾਪਰੀ ਸੀ, ਜਿੱਥੇ ਪਸਿਆਣਾ ਪਿੰਡ ਦੀ ਇਕ ਔਰਤ ਨੇ ਇਹ ਟੋਕਰੀ ਨੀਲਾਮੀ ਵਿਚ ਢਾਈ ਲੱਖ ਦੀ ਖਰੀਦੀ ਸੀ। ਪਰ ਹੁਣ ਜੇਲ੍ਹ ਵਿੱਚ ਸਬਜ਼ੀਆਂ ਉਗਾਉਣ ਬਦਲੇ ਉਸ ਨੂੰ ਇਕ ਦਿਨ ਦਾ ਮਹਿਜ਼ 20 ਰੁਪਏ ਮਿਹਨਤਾਨਾ ਮਿਲੇਗਾ। ਹਰਿਆਣਾ ਦੇ ਡਾਇਰੈਕਟਰ ਜਨਰਲ ਜੇਲ੍ਹਾਂ ਕੇਪੀ ਸਿੰਘ ਨੇ ਪੁਸ਼ਟੀ ਕੀਤੀ ਕਿ ਗੁਰਮੀਤ ਰਾਮ ਰਹੀਮ ਨੂੰ ਸੁਨਾਰੀਆ ਜੇਲ੍ਹ 'ਚ ਉਸ ਦੀ ਬੈਰਕ ਨੇੜੇ 600 ਗਜ਼ ਜਗ੍ਹਾ ਉਤੇ ਸਬਜ਼ੀਆਂ ਉਗਾਉਣ ਦਾ ਕੰਮ ਦਿੱਤਾ



ਗਿਆ ਹੈ। ਇਸ ਬਦਲੇ ਉਸ ਨੂੰ ਪ੍ਰਤੀ ਦਿਨ 20 ਰੁਪਏ ਮਿਲਣਗੇ, ਜੋ ਗ਼ੈਰਹੁਨਰਮੰਦ ਵਰਕਰਾਂ ਨੂੰ ਮਿਹਨਤਾਨਾ ਮਿਲਦਾ ਹੈ। ਉਨ੍ਹਾਂ ਦੱਸਿਆ ਕਿ ਉਸ ਵੱਲੋਂ ਉਗਾਈਆਂ ਸਬਜ਼ੀਆਂ ਜੇਲ੍ਹ ਵਿੱਚ ਹੀ ਪਕਾ ਕੇ ਕੈਦੀਆਂ ਨੂੰ ਖੁਆਈਆਂ ਜਾਣਗੀਆਂ। ਵਿਸ਼ੇਸ਼ ਸੀਬੀਆਈ ਅਦਾਲਤ ਨੇ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ 'ਚ ਡੇਰਾ ਮੁਖੀ ਨੂੰ 20 ਸਾਲ ਕੈਦ ਕੀਤੀ ਹੈ। ਸੂਤਰਾਂ ਮੁਤਾਬਕ ਗੁਰਮੀਤ ਰਾਮ ਰਹੀਮ ਨਾ ਤਾਂ ਪੜ੍ਹਿਆ-ਲਿਖਿਆ **(ਬਾਕੀ ਸਫਾ 4 ਤੇ)**


BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823
Sandeep Jony Bagga





BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RE/MAX



Shaan Nijjar
(916) 751-8852 Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial



Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

# ਇੰਟਰਨੈਸ਼ਨਲ ਕਬੱਡੀ ਕੱਪ 2017



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

Sikh Temple, 7676 Bradshaw Road, Sacramento, 95829

ਦੀਆਂ ਖੇਡ ਗਰਾਊਂਡਾਂ ਵਿਚ

## 1 ਅਕਤੂਬਰ ਦਿਨ ਐਤਵਾਰ



**ਵਾਲੀਬਾਲ ਦੇ ਮੁਕਾਬਲੇ ਹੋਣਗੇ**

ਹੋਰ ਜਾਣਕਾਰੀ ਲਈ ਹੈਪੀ ਔਲਖ - 510-377-8306, ਪਰਮਜੀਤ ਸਾਡਾ -916-919-2769 ਅਤੇ ਗੁਰਨਾਮ ਸਿੰਘ ਗਰੇਵਾਲ - 916-275-8936 ਨੂੰ ਕਾਲ ਕਰੋ।



**ਬਾਸਕਟਬਾਲ ਦੇ ਮੁਕਾਬਲੇ ਹੋਣਗੇ**

ਹੋਰ ਜਾਣਕਾਰੀ ਲਈ ਪਾਲ ਵੜਿਆਣਾ -916-606-0142, ਹਰਦੀਪ ਢੀਂਡਸਾ-916-612-9262, ਮੰਖਣ ਵਿਰਕ - 916-996-5573 ਨੂੰ ਕਾਲ ਕਰੋ।



**ਟੂਰਨਾਮੈਂਟ ਲਈ ਰੈਫਰੀ ਟੋਰਾਂਟੋ 'ਤੋਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਹਨ।**

**ਪਹਿਲਾ ਇਨਾਮ :$15000**
ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ



**ਦੂਸਰਾ ਇਨਾਮ :$14000**
ਸੈਂਟਰ ਵੈਲੀ ਸਪੋਰਟਸ ਕਲੱਬ, ਮੋਡੇਸਟੋ।

ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

» ਸਕਿਓਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ।

ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।

ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।

ਕੁਮੈਂਟਰੀ



ਆਸ਼ਾ ਸ਼ਰਮਾ | ਰਜਵਿੰਦਰ ਸਿੰਘ ਗੰਡਿਆਲਾ | ਇਕਬਾਲ ਗਾਲਿਬ | ਸੁਖਵਿੰਦਰ ਸੰਘੇੜਾ

Live Kabaddi.com ਅਤੇ ALFA ETC Dish Channel 735 'ਤੇ ਕਬੱਡੀ ਦਾ ਸਿੱਧਾ ਪ੍ਰਸਾਰਨ ਹੋਵੇਗਾ।


ਇਹ ਟੂਰਨਾਮੈਂਟ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੇ ਸਹਿਯੋਗ ਨਾਲ ਹੋਵੇਗਾ ਅਤੇ ਫੈਡਰੇਸ਼ਨ ਦੇ ਸਾਰੇ ਰੂਲ ਲਾਗੂ ਹੋਣਗੇ।

ਜਾਰੀ ਕਰਤਾ

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

Sikh Temple, 7676 Bradshaw Road, Sacramento, 95829

ਪ੍ਰਗਟ ਸਿੰਘ ਸੰਧੂ : 209-810-5667, ਗੁਰਮੀਤ ਸਿੰਘ ਵੜੈਚ : 916-240-0369, ਨਿੰਦੀ ਬਾਂਦੀ : 916-813-1442, ਧੀਰਾ ਨਿੱਝਰ : 916-416-9527




# ਸ਼੍ਰੀ ਗੁਰੂ ਰਵਿਦਾਸ ਟੈਂਪਲ ਰੀਓਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆਂ

**6221- 16th Street , Rio Linda ( Sacramento) CA 95823 Ph-916-992-1710**

ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓਲਿੰਡਾ ਦਾ 25ਵਾਂ ਸਥਾਪਨਾ ਦਿਵਸ 1 ਅਕਤੂਬਰ 2017 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਹੁੰਮ ਹੁੰਮਾ ਕੇ ਪੁੱਜਣ ਦੀ ਬੇਨਤੀ

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ -29 ਸਤੰਬਰ ਦਿਨ ਸ਼ੁਕਰਵਾਰ ਸਵੇਰੇ 9 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ-1 ਅਕਤੂਬਰ ਦਿਨ ਐਤਵਾਰ**

**ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ 30 ਸਤੰਬਰ ਦਿਨ ਸ਼ਨੀਵਾਰ ਸ਼ਾਮ 4 ਵਜੇ**

*ਨਿਸ਼ਾਨ ਸਾਹਿਬ ਦੀ ਸੇਵਾ ਭਾਈ ਜਸਵਿੰਦਰ ਪਾਲ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ*

*ਚੰਦੋਆ ਸਾਹਿਬ ਦੀ ਸੇਵਾ ਸ਼ਿਵ ਹੀਰਾ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ*

*ਆਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਜਸਵਿੰਦਰ ਬੰਗਾ, ਸੁਭਾਸ਼ ਬੰਗਾ ਅਤੇ ਬੰਗਾ ਪਰਿਵਾਰ, ਅਵਤਾਰ ਸਿੰਘ ਜੱਸਲ ਅਤੇ ਜੱਸਲ ਪਰਿਵਾਰ ਸਮੇਤ ਸਮੂਹ ਸੰਗਤ ਵਲੋਂ ਕੀਤੀ ਜਾਵੇਗੀ*

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਗੁਰਦੁਆਰਾ ਦੀ ਸਥਾਪਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਸੁਭਾਸ਼ ਬੰਗਾ: 208-695-3878**
**ਅਵਤਾਰ ਜੱਸਲ-208-409-5973,ਰਮੇਸ਼ ਬੰਗੜ-916-821-2175**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ






**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 16 ਸਤੰਬਰ ਦਿਨ ਸ਼ਨੀਵਾਰ ਸ਼ਾਮ ਦੇ ਦੀਵਾਨ ਵਿਚ ਸੰਗਰਾਂਦ (ਮਹੀਨਾ ਅੱਸੂ) ਦਾ ਦਿਹਾੜਾ ਮਨਾਇਆ ਗਿਆ, ਜਿਸ ਵਿਚ ਗੁਰੂ ਘਰ ਵਿਖੇ ਸ਼ਾਮ ਨੂੰ ਰਹਿਰਾਸ ਸਾਹਿਬ, ਬਾਰਾ ਮਾਹਾ ਮਾਝ ਮਹੱਲਾ 4 ਬਾਣੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ।

ਇਸ ਤੋਂ ਇਲਾਵਾ ਬੀਬੀ ਅਲੋਚਨਾ ਰਾਏ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸਿੰਗਾਰਾ ਸਿੰਘ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਗੁਰੂ ਘਰ ਵਿਖੇ ਇਸ ਹਫਤੇ ਹੋਣ ਵਾਲੇ ਪ੍ਰੋਗਰਾਮ**

24 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਸੇਵਾ ਬੀਬੀ ਸੁਰਿੰਦਰ ਕੌਰ ਜੀ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ।



## ਗੁਰਦਾਸਪੁਰ ਜ਼ਿਮਨੀ ਚੋਣ: ਟਿਕਟ ਹਾਸਲ ਕਰਨ ਲਈ ਪਰ ਤੋਲਣੇ ਆਰੰਭ

**ਗੁਰਦਾਸਪੁਰ–** ਪੰਜਾਬ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੰਗਲੈਂਡ ਦੌਰੇ ਤੋਂ ਪਰਤਦਿਆਂ ਦਿੱਲੀ ਵਿੱਚ ਪੰਜਾਬ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਗੁਰਦਾਸਪੁਰ ਲੋਕ ਸਭਾ ਹਲਕੇ ਦੀ 11 ਅਕਤੂਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ ਵਾਸਤੇ ਉਮੀਦਵਾਰ ਬਾਰੇ ਵਿਚਾਰ-ਵਟਾਂਦਰਾਂ ਕੀਤਾ। ਉਮੀਦਵਾਰ ਦੀ ਚੋਣ ਦਾ ਮਾਮਲਾ ਪਾਰਟੀ ਹਾਈ ਕਮਾਂਡ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ 'ਤੇ ਛੱਡ ਦਿੱਤਾ ਗਿਆ ਹੈ ਪਰ ਸ੍ਰੀ ਜਾਖੜ ਦੇ ਨਾਂ 'ਤੇ ਹੀ ਮੋਹਰ ਲੱਗਣ ਦੇ ਆਸਾਰ ਵੱਧ ਹਨ। ਤਿੰਨੇ ਆਗੂ ਇਸ ਗੱਲ 'ਤੇ ਸਹਿਮਤ ਹਨ ਕਿ ਉਸ ਆਗੂ ਨੂੰ ਮੈਦਾਨ ਵਿੱਚ ਉਤਾਰਿਆ ਜਾਵੇ, ਜਿਸ ਦਾ ਅਕਸ ਸਾਫ਼ ਹੋਵੇ ਤੇ ਉਹ ਚੋਣ ਜਿੱਤਣ ਦੀ ਸਮਰੱਥਾ ਰੱਖਦਾ ਹੋਵੇ। ਫ਼ੈਸਲਾ ਕੀਤਾ ਗਿਆ ਕਿ ਜ਼ਿਮਨੀ ਚੋਣ ਵਿੱਚ ਵਿਕਾਸ ਨੂੰ ਹੀ ਮੁੱਦਾ ਬਣਾਇਆ ਜਾਵੇ। ਚਰਚਾ ਹੈ ਕਿ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਆਪਣੀ ਪਤਨੀ ਚਰਨਜੀਤ ਬਾਜਵਾ ਨੂੰ ਉਮੀਦਵਾਰ ਬਣਾਉਣ ਲਈ ਯਤਨਸ਼ੀਲ ਹਨ।

**ਕਵਿਤਾ ਖੰਨਾ ਤੇ ਸਲਾਰੀਆ ਦੇ ਨਾਂ ਦੀ ਸਿਫ਼ਾਰਸ਼**

ਪੰਜਾਬ ਭਾਜਪਾ ਦੀ ਚੋਣ ਕਮੇਟੀ ਨੇ ਅੱਜ ਸ਼ਾਮ ਮੀਟਿੰਗ ਕਰਕੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ ਲਈ ਸਾਬਕਾ ਐਮਪੀ ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਅਤੇ ਸੀਨੀਅਰ ਆਗੂ ਸਵਰਨ ਸਲਾਰੀਆ ਦੇ ਨਾਂ ਪਾਰਟੀ ਹਾਈ ਕਮਾਂਡ ਨੂੰ ਭੇਜ ਦਿੱਤੇ ਹਨ, ਜਿਨ੍ਹਾਂ 'ਚੋਂ ਕਿਸੇ ਇੱਕ 'ਤੇ ਪਾਰਟੀ ਦਾ ਸੰਸਦੀ ਬੋਰਡ ਅੰਤਿਮ ਫੈਸਲਾ ਲਵੇਗਾ। ਭਾਜਪਾ ਚੋਣ ਕਮੇਟੀ ਦੀ ਮੀਟਿੰਗ ਅੱਜ ਸ਼ਾਮ ਇਥੇ ਸਰਕਟ ਹਾਊਸ 'ਚ ਪਾਰਟੀ ਦੇ ਸੂਬਾਈ ਪ੍ਰਧਾਨ ਵਿਜੇ ਸਾਂਪਲਾ ਦੀ ਪ੍ਰਧਾਨਗੀ ਹੇਠ ਹੋਈ। ਸ੍ਰੀ ਸਾਂਪਲਾ ਨੇ ਕਿਹਾ ਕਿ ਉਨ੍ਹਾਂ ਨੇ ਸਿਰਫ਼ ਉਮੀਦਵਾਰਾਂ ਦੀ ਸਿਫ਼ਾਰਸ਼ ਕੀਤੀ ਹੈ ਅਤੇ ਇਸ ਬਾਰੇ ਅੰਤਿਮ ਫੈਸਲਾ ਕੇਂਦਰੀ ਲੀਡਰਸ਼ਿਪ ਲਵੇਗੀ।

ਸ੍ਰੀ ਖੰਨਾ ਦੀ ਮੌਤ ਬਾਅਦ ਇਹ ਸੀਟ ਖਾਲੀ ਹੋ ਗਈ ਸੀ। ਕਵਿਤਾ ਖੰਨਾ ਦਾ ਪੱਲੜਾ ਵੀ ਭਾਰੀ ਦੱਸਿਆ ਜਾ ਰਿਹਾ ਹੈ ਕਿਉਂਕਿ ਪਾਰਟੀ ਮਹਿਸੂਸ ਕਰਦੀ ਹੈ ਕਿ ਹਮਦਰਦੀ ਕਾਰਨ ਕਵਿਤਾ ਖੰਨਾ ਦੀ ਝੋਲੀ ਵੋਟਾਂ ਪੈ ਸਕਦੀਆਂ ਹਨ।

ਆਮ ਆਦਮੀ ਪਾਰਟੀ (ਆਪ) ਵੱਲੋਂ ਗੁਰਦਾਸਪੁਰ ਲੋਕ ਸਭਾ ਹਲਕੇ ਦੀ 11 ਅਕਤੂਬਰ ਨੂੰ ਹੋ ਰਹੀ ਚੋਣ ਲਈ ਮੇਜਰ ਜਨਰਲ (ਸੇਵਾਮੁਕਤ) ਸੁਰੇਸ਼ ਖਜੂਰੀਆ ਅਤੇ ਸੂਬਾ ਜਨਰਲ ਸਕੱਤਰ ਲਖਬੀਰ ਸਿੰਘ ਸੈਣੀ ਵਿੱਚੋਂ ਇੱਕ ਨੂੰ ਟਿਕਟ ਦੇਣ ਦੀ ਸੰਭਾਵਨਾ ਹੈ। ਭਰੋਸੇਯੋਗ ਸੂਤਰਾਂ ਅਨੁਸਾਰ 'ਆਪ' ਦੀ ਸੂਬਾ ਕਮੇਟੀ, ਵਿਧਾਇਕਾਂ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਆਗੂਆਂ ਦੀ ਇੱਥੇ ਪੰਜਾਬ ਭਵਨ ਵਿੱਚ ਪ੍ਰਧਾਨ ਭਗਵੰਤ ਮਾਨ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਕਈ ਨਾਵਾਂ ਉਤੇ ਚਰਚਾ ਹੋਈ ਹੈ ਪਰ ਮੁੱਖ ਤੌਰ ਉਤੇ ਪਠਾਨਕੋਟ ਨਾਲ ਸਬੰਧਤ ਮੇਜਰ ਜਨਰਲ ਸੁਰੇਸ਼ ਖਜੂਰੀਆ ਅਤੇ ਲਖਬੀਰ ਸਿੰਘ ਸੈਣੀ ਵਿਚੋਂ ਕਿਸੇ ਇੱਕ ਉੱਤੇ ਗੁਣਾ ਪੈ ਸਕਦਾ ਹੈ।

## ਸ਼ਰਧਾਂਜਲੀ

ਜਿਵੇਂ ਕਿ ਸੰਗਤਾਂ ਨੂੰ ਪਤਾ ਹੀ ਹੈ ਕਿ ਕੈਲੇਫੋਰਨੀਆ ਦੇ ਮਸ਼ਹੂਰ ਜੋਤਸ਼ੀ ਮਾਸਟਰ ਦੀਪਕ ਕੁਮਾਰ ਜੀ, ਜਿਹਨਾਂ ਦੀ ਫਰਿਜਨੋ ਲਾਗੇ ਹਾਈਵੇ ਤੇ ਕਾਰ ਐਕਸੀਡੈਂਟ ਵਿਚ ਮੌਤ ਹੋ ਗਈ ਸੀ। ਮਾਸਟਰ ਦੀਪਕ ਜੀ ਨੂੰ ਇਕ ਬਹੁਤ ਵਧੀਆ ਸ਼ੋਅ ਪ੍ਰਬੰਧਕ, ਮਿਊਜ਼ਿਕ ਨੂੰ ਪਿਆਰ ਕਰਨ ਵਾਲੇ ਹਰ ਇਕ ਦੀ ਮਦਦ ਕਰਨ ਵਾਲੇ ਇਕ ਬਹੁਤ ਮਸ਼ਹੂਰ ਜੋਤਸ਼ੀ, ਕਮਿਊਨਿਟੀ ਵਿਚ ਹਰਮਨ ਪਿਆਰੇ ਇਨਸਾਨ ਵਜੋਂ ਜਾਣਿਆ ਜਾਂਦਾ ਸੀ।

ਆਪ ਜੀ ਦੀ ਮੌਤ ਨਾਲ ਅਮਰੀਕਾ ਦੇ ਸਮੁੱਚੇ ਭਾਰਤੀ ਭਾਈਚਾਰੇ ਅੰਦਰ ਸੋਗ ਹੈ। ਆਪ ਜੀ ਨੂੰ ਅਨੇਕਾਂ ਸੰਸਥਾਵਾਂ ਜਿਵੇਂ ਬਾਲੀਵੁੱਡ, ਮਿਊਜ਼ਿਕ ਇੰਡਸਟਰੀ, ਜੋਤਿਸ਼ ਅਦਾਰੇ, ਸਮਾਜ ਭਲਾਈ ਸੰਸਥਾਵਾਂ ਤੋਂ ਅਨੇਕਾਂ ਸਨਮਾਨ ਪ੍ਰਾਪਤ ਸਨ। ਮਾਸਟਰ ਦੀਪਕ ਕੁਮਾਰ ਜੀ ਦਾ ਇਸ ਤਰ੍ਹਾਂ ਸੰਸਾਰ ਤੋਂ ਚਲੇ ਜਾਣ ਨਾਲ ਭਾਈਚਾਰੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ 108 ਸੰਤ ਭਗਵਾਨ ਦਾਸ ਜੀ ਮਹਾਰਾਜ (ਡੇਰਾ 108 ਸੰਤ ਮੇਲਾ ਰਾਮ ਜੀ ਮਹਾਰਾਜ ਨਗਰ) ਵੱਲੋਂ ਮਾਸਟਰ ਦੀਪਕ ਕੁਮਾਰ ਜੀ ਦੇ ਨਮਿਤ ਅੰਤਿਮ ਅਰਦਾਸ ਕੀਤੀ ਜਾਵੇਗੀ।

**– ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ**

# ਸੂਫ਼ੀ ਸ਼ਾਇਰ ਆਰ ਪੀ ਦੀਵਾਨਾ ਦੇ ਨਾਮ ਤੇ ਬਣੇਗਾ ਸਾਹਿਤ ਕਲਾ ਦਾ ਟਰੱਸਟ - ਵਿਧਾਇਕ ਡਾ.ਰਾਜ

ਸੁਪ੍ਰਸਿੱਧ ਸੂਫ਼ੀ ਸ਼ਾਇਰ ਆਰ ਪੀ ਦੀਵਾਨਾ ਜੋ ਕੁਝ ਦਿਨ ਪਹਿਲਾਂ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ ਸਨ, ਦੇ ਨਮਿੱਤ ਉਨ੍ਹਾਂ ਦੇ ਜੱਦੀ ਪਿੰਡ ਬੱਠੀਆਂ ਬ੍ਰਾਹਮਣਾਂ ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਬੀ ਬਾਣੀ ਦੇ ਭੋਗ ਪਾਉਣ ਉਪਰੰਤ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਦਾ ਆਯੋਜਿਨ ਕੀਤਾ ਗਿਆ। ਜਿਸ ਵਿਚ ਹਲਕੇ ਦੇ ਵਿਧਾਇਕ ਡਾ. ਰਾਜ ਕੁਮਾਰ ਨੇ ਕਿਹਾ ਕਿ ਸੂਫ਼ੀ ਸ਼ਾਇਰ ਆਰ ਪੀ ਦੀਵਾਨਾ ਦੀ ਕਲਮ ਨੂੰ ਹਮੇਸ਼ਾ ਹੀ ਜਿਉਂਦਾ ਰੱਖਣ ਲਈ ਇਕ ਹੁਸ਼ਿਆਰਪੁਰ ਦੇ ਸਾਹਿਤ ਕਲਾ ਵੰਨਗੀ ਨਾਲ ਸਬੰਧਿਤ ਸ਼ਖਸ਼ੀਅਤਾਂ ਦਾ ਸਭਿਆਚਾਰਕ ਟਰੱਸਟ ਬਣਾਇਆ ਜਾਵੇਗਾ।

ਜੋ ਹਰ ਸਾਲ ਉਨ੍ਹਾਂ ਦੀ ਯਾਦ ਵਿਚ ਇਕ ਸ਼ਾਨਦਾਰ ਪ੍ਰੋਗਰਾਮ ਕਰਵਾਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਜਿਹੇ ਸੂਫ਼ੀ ਸ਼ਾਇਰਾਂ ਦੀ ਯਾਦ ਦਿਵਾਵੇਗਾ। ਇਸ ਮੌਕੇ ਭਗਵਾਨ ਸਿੰਘ ਚੌਹਾਨ, ਗੁਰਲਾਲ ਸੈਲਾ, ਗੁਰਦੀਪ ਹੁਸ਼ਿਆਰ-ਪੁਰੀ, ਪ੍ਰੋ. ਨੀਲੇ ਖਾਂ ਮੋਹਾਲੀ, ਬਾਬਾ ਪ੍ਰਿਥੀ ਸਿੰਘ ਬਾਲੀ ਸ਼ਾਮ-ਚੁਰਾਸੀ, ਐਸ ਡੀ ਓ ਜਗਦੀਸ਼ ਲਾਲ ਬੱਧਣ, ਐਸ ਡੀ ਓ ਰਾਜ ਕੁਮਾਰ, ਪ੍ਰਿੰ. ਸਤਪਾਲ ਜੱਸੀ, ਹਰਜੀਤ ਮਠਾਰੂ, ਗੁਰਮਿੰਦਰ ਕੈਂਡੋਵਾਲ, ਗਾਇਕ ਫਿਰੋਜ਼ ਖਾਨ, ਸੁਰਿੰਦਰ ਲਾਡੀ, ਲਖਵਿੰਦਰ ਵਡਾਲੀ, ਕੁਲਵਿੰਦਰ ਕਿੰਦਾ, ਦਲਵਿੰਦਰ ਦਿਆਲਪੁਰੀ, ਰਣਜੀਤ ਰਾਣਾ, ਤਾਜ ਨਗੀਨਾ, ਗਿੰਨੀ ਮਾਹੀ, ਤਰਸੇਮ ਦੀਵਾਨਾ, ਕੁਲਦੀਪ ਚੁੰਬਰ, ਹੈਪੀ ਢੱਕੋਵਾਲ, ਜ਼ੋਰਾ ਢੱਕੋਵਾਲੀਆ, ਮਨਜੀਤ ਧਾਮੀ, ਸੁਖਜੀਤ ਝਾਂਸ, ਦਿਨੇਸ਼ ਸ਼ਾਮਚੁਰਾਸੀ, ਗੁਰਮੀਤ ਗੈਰੀ, ਮੇਜਰ ਟਾਂਡਾ, ਦੇਵ ਹਰਿਆਣਵੀ, ਨੀਲਮ ਠੱਕਰਵਾਲ, ਰਕੇਸ਼ ਮਾਹੀ, ਕਮਲ ਤੱਲਣ, ਜਰਨੈਲ ਸੋਨੀ, ਮੋਹਨ ਬਡਲਾ, ਕ੍ਰਿਸ਼ਨ ਗੋਪਾਲ, ਰਾਜੂ ਬਾਬਾ, ਮੁਖਤਿਆਰ ਸਹੋਤਾ, ਕਮਲ ਵਡਾਲੀ, ਸਰਪੰਚ ਰਾਮ ਆਸਰਾ, ਹਰਬੰਸ ਕੌਰ, ਬਾਬਾ ਜੀਵਨ ਸ਼ਾਹ, ਸਰਵਨ ਸਿੰਘ ਨੰਬਰਦਾਰ, ਗੁਰਨਾਮ ਸਿੰਘ, ਰੋਜ਼ੀ ਧੂਤ, ਸੱਤਾ ਕਵਾਲ, ਹਰਦੀਪ ਕਠਾਰ, ਮੈਨੇਜਰ ਹਰਗੋਪਾਲ ਅਹੀਰ, ਹਰਵਿੰਦਰ ਕੌਰ ਖਟਕੜਕਲਾਂ, ਕੇਵਲ ਸਿੰਘ ਹੀਰ, ਜਸਵਿੰਦਰ ਸਿੰਘ, ਐਡਵੋਕੇਟ ਰੋਹਿਤ ਜੋਸ਼ੀ, ਡਾ. ਕੁਲਵੰਤ ਸਿੰਘ, ਐਂਕਰ ਬਲਦੇਵ ਰਾਹੀ, ਸੂਬੇਦਾਰ ਪਿਆਰਾ ਸਿੰਘ, ਦਵਿੰਦਰ ਦਿਲ, ਬਾਬਾ ਰਕੇਸ਼ ਸ਼ਾਹ ਊਨਾ, ਮਾਨ ਸ਼ਾਮਚੁਰਾਸੀ, ਗਿਆਨੀ ਜਰਨੈਲ ਸਿੰਘ ਲਲਵਾਣ, ਬਾਬਾ ਭੂੱਟੋ, ਹਰਦਿਆਲ ਹੁਸ਼ਿਆਰਪੁਰੀ, ਚੰਨ ਅੰਮ੍ਰਿਤਸਰੀ, ਕਰਤਾਰ ਚੰਦ, ਗੁਰਵਿੰਦਰ ਕੁਮਾਰ, ਰਜਿੰਦਰ ਕੁਮਾਰ, ਕਿਰਨ, ਉਂਕਾਰ ਨਰ, ਹਰਪ੍ਰੀਤ ਦਰਦੀ, ਹੁਸਨ ਸਿਆਲ, ਰੌਕੀ ਕਿਸ਼ਨਗੜ੍ਹ, ਸੁੱਖ ਸ਼ੇਰਗਿੱਲ ਸਮੇਤ ਕਈ ਹੋਰਾਂ ਨੇ ਦੀਵਾਨਾ ਜੀ ਦੀ ਧਰਮ ਪਤਨੀ ਮਾਤਾ ਅਜੀਤ ਕੌਰ, ਸ਼ਾਮ ਲਾਲ - ਹਰਬੰਸ ਲਾਲ (ਪੁੱਤਰ) ਨਾਲ ਦੁੱਖ ਸਾਂਝਾ ਕਰਦਿਆਂ ਦੀਵਾਨਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



**- ਕੁਲਦੀਪ ਚੁੰਬਰ**

## ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਕਿਸਾਨ ਘੇਰਨਗੇ

**(ਸਫਾ 1 ਦੀ ਬਾਕੀ)**

ਨਗਰ ਨਿਗਮਾਂ ਦੀਆਂ ਚੋਣਾਂ ਸਿਰ 'ਤੇ ਹੋਣ ਕਰਕੇ ਕੋਈ ਜੋਖਮ ਲੈਣਾ ਨਹੀਂ ਚਾਹੁੰਦੀ।

**ਚੋਣ ਜ਼ਾਬਤਾ ਬਣ ਸਕਦਾ ਹੈ ਕਰਜ਼ਾ ਮੁਆਫ਼ੀ 'ਚ ਅੜਿੱਕਾ**

ਕਰਜ਼ਾ ਮੁਆਫ਼ੀ ਨੂੰ ਲਾਗੂ ਕਰਨ ਲਈ ਚੋਣ ਜ਼ਾਬਤਾ ਅੜਿੱਕਾ ਬਣ ਸਕਦਾ ਹੈ।

ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਕਰਕੇ ਆਦਰਸ਼ ਚੋਣ ਜ਼ਾਬਤਾ ਅਮਲ ਵਿੱਚ ਹੈ। ਲਿਹਾਜ਼ਾ ਕਰਜ਼ਾ ਮੁਆਫ਼ੀ ਨੂੰ ਲਾਗੂ ਕਰਨ ਲਈ ਸਰਕਾਰ ਨੂੰ ਚੋਣ ਕਮਿਸ਼ਨ ਕੋਲੋਂ ਇਜਾਜ਼ਤ ਲੈਣੀ ਹੋਵੇਗੀ ਜਾਂ ਮਾਮਲਾ 11 ਅਕਤੂਬਰ ਤਕ ਅੱਗੇ ਪਾਉਣਾ ਪਵੇਗਾ।

## ਢਾਈ ਲੱਖ ਦੀ ਟੋਕਰੀ ਵੇਚਣ ਵਾਲਾ 20 ਰੁਪਏ ਦਿਹਾੜੀ 'ਤੇ ਉਗਾਏਗਾ ਸਬਜ਼ੀਆਂ

**(ਸਫਾ 1 ਦੀ ਬਾਕੀ)**

ਹੈ ਅਤੇ ਨਾ ਹੀ ਉਸ ਕੋਲ ਕੋਈ ਖਾਸ ਹੁਨਰ ਹੈ, ਜਿਸ ਕਾਰਨ ਉਸ ਨੂੰ ਕੋਈ ਖਾਸ ਮੁਹਾਰਤ ਵਾਲਾ ਕੰਮ ਨਹੀਂ ਦਿੱਤਾ ਜਾ ਸਕਦਾ। ਜਾਣਕਾਰੀ ਮੁਤਾਬਕ ਡੇਰਾ ਮੁਖੀ ਨੇ ਜੇਲ੍ਹ ਅਧਿਕਾਰੀਆਂ ਨੂੰ ਮਹਿਜ਼ ਦੋ ਮੋਬਾਈਲ ਨੰਬਰ ਦਿੱਤੇ ਹਨ, ਜਿਨ੍ਹਾਂ ਨਾਲ ਉਹ ਗੱਲ ਕਰਨਾ ਚਾਹੁੰਦਾ ਹੈ। ਇਨ੍ਹਾਂ ਵਿੱਚੋਂ ਇਕ ਨੰਬਰ ਉਸ ਦਾ ਆਪਣਾ ਹੀ ਹੈ ਅਤੇ ਦੂਜਾ ਨੰਬਰ ਹਨੀਪ੍ਰੀਤ ਦਾ ਹੈ। ਉਸ ਨੇ ਦਸ ਵਿਅਕਤੀਆਂ ਦੇ ਨਾਵਾਂ ਦੀ ਸੂਚੀ ਸੌਂਪੀ ਹੈ, ਜਿਨ੍ਹਾਂ ਨੂੰ ਉਹ ਮਿਲਣਾ ਚਾਹੁੰਦਾ ਹੈ। ਇਨ੍ਹਾਂ 'ਚੋਂ ਕੇਵਲ ਉਸ ਦੀ ਮਾਤਾ ਨਸੀਬ ਕੌਰ ਦੇ ਵੇਰਵਿਆਂ ਦੀ ਹੀ ਪੁਸ਼ਟੀ ਹੋ ਸਕੀ ਹੈ।

**ਹਨੀਪ੍ਰੀਤ ਜਲਦੀ ਹੋਵੇਗੀ ਗ੍ਰਿਫਤਾਰ**

ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਧੀ ਹਨੀਪ੍ਰੀਤ ਇੰਸਾਂ ਖ਼ਿਲਾਫ਼ ਕਥਿਤ ਤੌਰ ਉਤੇ ਹਿੰਸਾ ਭੜਕਾਉਣ ਦੇ ਦੋਸ਼ ਹੇਠ ਹਰਿਆਣਾ ਪੁਲੀਸ ਨੇ ਪੰਚਕੂਲਾ ਦੇ ਸੈਕਟਰ 5 ਥਾਣੇ ਵਿੱਚ ਕੇਸ ਦਰਜ ਕੀਤਾ ਹੈ।

ਪੁਲੀਸ ਨੇ ਪੰਚਕੂਲਾ ਵਿੱਚ 24 ਅਗਸਤ ਨੂੰ ਹੋਈ ਹਿੰਸਾ ਸਬੰਧੀ ਦਰਜ ਐਫਆਈਆਰ ਨੰਬਰ 345 ਵਿੱਚ ਹਨੀਪ੍ਰੀਤ ਦਾ ਨਾਂ ਸ਼ਾਮਲ ਕੀਤਾ ਹੈ। ਪੰਚਕੂਲਾ ਦੇ ਪੁਲੀਸ ਕਮਿਸ਼ਨਰ ਏ.ਐਸ. ਚਾਵਲਾ ਨੇ ਕਿਹਾ ਕਿ ਹਿੰਸਾ ਤੇ ਸਾੜਫੂਕ ਸਬੰਧੀ ਦਰਜ ਇਸੇ ਐਫ ਆਈ ਆਰ ਵਿੱਚ ਅਦਿੱਤਿਆ ਇੰਸਾਂ ਤੇ ਸੁਰਿੰਦਰ ਧੀਮਾਨ ਸਣੇ ਡੇਰੇ ਦੇ ਹੋਰ ਅਹੁਦੇਦਾਰਾਂ ਦੇ ਨਾਮ ਸ਼ਾਮਲ ਹਨ।

## ਨਾਮਵਰ ਪੰਜਾਬੀ ਲੇਖਕ ਅਫ਼ਜ਼ਲ ਅਹਿਸਨ ਰੰਧਾਵਾ ਨਹੀਂ ਰਹੇ

**ਅੰਮ੍ਰਿਤਸਰ–** ਲਹਿੰਦੇ ਪੰਜਾਬ ਦੇ ਉੱਘੇ ਲੇਖਕ ਅਫ਼ਜ਼ਲ ਅਹਿਸਨ ਰੰਧਾਵਾ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਲਾਇਲਪੁਰ 'ਚ ਅੱਜ ਤੜਕੇ 1.17 ਵਜੇ ਆਖਰੀ ਸਾਹ ਲਿਆ। ਸ੍ਰੀ ਰੰਧਾਵਾ ਦਾ ਜਨਮ 1 ਸਤੰਬਰ, 1937 ਨੂੰ ਅੰਮ੍ਰਿਤਸਰ 'ਚ ਹੋਇਆ ਸੀ ਅਤੇ ਬਟਵਾਰੇ ਬਾਅਦ ਉਹ ਪਾਕਿਸਤਾਨ ਦੇ ਫੈਸਲਾਬਾਦ ਜਾ ਵਸੇ। ਉਨ੍ਹਾਂ ਦੀਆਂ ਵੀਹ ਤੋਂ ਵੱਧ ਪੁਸਤਕਾਂ ਹਨ। ਇਹ ਸਾਰੀਆਂ ਪੁਸਤਕਾਂ ਸ਼ਾਹਮੁਖੀ ਤੋਂ ਇਲਾਵਾ ਪੰਜਾਬੀ 'ਚ ਵੀ ਛਪੀਆਂ ਹਨ। ਉਨ੍ਹਾਂ ਦੇ ਚਾਰ ਨਾਵਲ ਦੀਵਾ ਤੇ ਦਰਿਆ (1961), ਦੁਆਬਾ (1981), ਸੂਰਜ ਗ੍ਰਹਿਣ (1989) ਅਤੇ ਪੰਧ (2001) ਹਨ। ਤਲਵਾਰ ਤੇ ਘੋੜਾ (1973), ਮੁੰਨਾ ਕੋਹ ਲਾਹੌਰ (1989) ਕਹਾਣੀ ਸੰਗ੍ਰਹਿ ਹਨ। ਉਨ੍ਹਾਂ ਦੇ ਪੰਜ ਕਾਵਿ-ਸੰਗ੍ਰਹਿ ਹਨ, ਜਿਨ੍ਹਾਂ 'ਚ ਸ਼ੀਸ਼ਾ ਇਕ ਤੇ ਲਿਸ਼ਕਾਰੇ ਦੋ (1965), ਰਾਤ ਦੇ ਚਾਰ ਸਫ਼ਰ (1975), ਪੰਜਾਬੀ ਵਾਰ (1979), ਮਿੱਟੀ ਦੀ ਮਹਿਕ (1983) ਅਤੇ ਪਿਆਲੀ ਵਿੱਚ ਅਸਮਾਨ (1983) ਸ਼ਾਮਲ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ ਉਰਦੂ ਸਾਹਿਤ ਦੀਆਂ ਵੀ ਹਨ। ਜਨਾਬ ਰੰਧਾਵਾ ਲਹਿੰਦੇ ਪੰਜਾਬ ਦੇ ਉੱਘੇ ਸਿਆਸਤਦਾਨਾਂ 'ਚ ਸ਼ੁਮਾਰ ਸਨ। ਫੈਸਲਾਬਾਦ ਹਾਈ ਕੋਰਟ 'ਚ ਉਹ ਲੰਬਾ ਸਮਾਂ ਸੀਨੀਅਰ ਵਕੀਲ ਰਹੇ। ਉਹ ਪਾਕਿਸਤਾਨ ਨੈਸ਼ਨਲ ਅਸੈਂਬਲੀ ਦੇ ਮੈਂਬਰ ਵੀ ਰਹੇ। 1984 'ਚ ਸਾਕਾ ਨੀਲਾ ਤਾਰਾ 'ਤੇ ਉਨ੍ਹਾਂ ਨੇ ਦੁੱਖ ਪ੍ਰਗਟਾਇਆ ਸੀ ਅਤੇ ਇਸ ਸਬੰਧੀ ਕਵਿਤਾ 'ਨਵਾਂ ਘੱਲੂਘਾਰਾ' ਲਿਖੀ ਸੀ, ਜੋ ਕਾਫੀ ਚਰਚਿਤ ਰਹੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਦੇ ਸਾਬਕਾ ਪ੍ਰੋਫੈਸਰ ਤੇ ਮੁਖੀ ਡਾ. ਹਰਭਜਨ ਸਿੰਘ ਭਾਟੀਆ ਨੇ ਕਿਹਾ ਕਿ ਸ੍ਰੀ ਰੰਧਾਵਾ ਸਾਂਝੇ ਪੰਜਾਬ ਦੀ ਖ਼ੂਬਸੂਰਤ ਨਿਸ਼ਾਨੀ ਸਨ ਅਤੇ ਪੰਜਾਬੀ ਦੇ ਇਸ ਮੁਦੱਈ ਦਾ ਅਦਬੀ ਕੱਦ ਉਸ ਦੇ ਸਰੀਰਕ ਕੱਦ ਨਾਲੋਂ ਕਿਤੇ ਉੱਚਾ ਸੀ।



ਪਾਕਿਸਤਾਨੀ ਪੰਜਾਬੀ ਸਾਹਿਤ 'ਤੇ ਪੀਐਚਡੀ ਕਰਨ ਵਾਲੇ ਡਾ. ਪਰਮਜੀਤ ਸਿੰਘ ਮੀਸ਼ਾ ਨੇ ਕਿਹਾ ਕਿ ਸ੍ਰੀ ਰੰਧਾਵਾ ਪਾਕਿਸਤਾਨ ਦੇ ਪਹਿਲੇ ਸ਼ਖ਼ਸ ਸਨ, ਜਿਨ੍ਹਾਂ ਨੇ ਪੰਜਾਬ ਦੇ ਸਾਂਝੇ ਸਭਿਆਚਾਰ ਬਾਰੇ ਲਿਖਣਾ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਨਾਵਲਾਂ ਦੇ ਬਹੁਤੇ ਕਿਰਦਾਰ ਸਿੱਖ ਸਨ।

# ਕਰਮਨ ਸ਼ਹਿਰ ਵਿਖੇ "ਹਾਰਵੈਸਟਰ ਫਿਸਟੀਵਲ" ਸਮੇਂ ਪੰਜਾਬੀ ਸਕੂਲ ਨੇ ਕੀਤਾ ਪੰਜਾਬੀ ਸੱਭਿਆਚਾਰ ਦਾ ਪ੍ਰਦਸ਼ਨ




**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕਰਮਨ ਸ਼ਹਿਰਾਂ ਵਖੇ ਹਰ ਸਾਲ ਦੀ ਤਰ੍ਹਾਂ "ਹਾਰਵੈਸਟਰ ਫਿਸ਼ਟੀਵਲ" (Harvest Festival) ਦੀ ਪਰੇਡ ਹੋਈ। ਜਿਸ ਦਾ ਮਹੌਲ ਬਿਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ। ਬੇਸ਼ੱਕ ਇੱਥੇ ਲੋਕ ਵੱਡੇ ਸ਼ਹਿਰਾਂ ਵਿੱਚ ਰਹਿ ਰਹੇ ਹਨ, ਪਰ ਇਥੇ ਵੀ ਲੋਕ ਆਪਣੀ ਪੱਕੀ ਫਸ਼ਲ ਦੀ ਕਟਾਈ ਕਰਨ ਦੀ ਖ਼ੁਸ਼ੀ ਪ੍ਰੰਪਰਾਗਤ ਮੇਲੇ ਦੇ ਰੂਪ ਵਿੱਚ ਮਨਾਉਦੇ ਆ ਰਹੇ ਹਨ। ਜਿਸ ਦੀ ਸੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਖੁੱਲ੍ਹਾਂ ਪਰਦਰਸ਼ਨ ਕਰਦੇ ਹਨ। ਭਾਵ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੇ-ਆਪਣੇ ਸੱਭਿਆਚਾਰ ਦਾ ਖੁੱਲ ਕੇ ਪ੍ਰਦਸ਼ਨ ਕਰਦੇ ਹਨ। ਇਸੇ ਦੌਰਾਨ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹੋਏ 'ਕਰਮਨ ਪੰਜਾਬੀ ਸਕੂਲ' ਵੱਲੋਂ ਵੀ ਹਰ ਸਾਲ ਦੀ ਤਰ੍ਹਾਂ ਆਪਣੇ ਫਲੋਟ ਰਾਹੀ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਦੀ ਪਹਿਚਾਣ ਨੂੰ ਯਕੀਨੀ ਬਣਾਉਦੇ ਹੋਏ ਹਾਜ਼ਰੀ ਭਰੀ ਜਾਦੀ ਹੈ। ਇੰਨ੍ਹਾਂ ਫਲੋਟਾ ਨੂੰ ਵਧੀਆਂ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ। ਇਸ ਸਾਲ ਕਰਮਨ ਪੰਜਾਬੀ ਸਕੂਲ ਦੇ ਫਲੋਟ ਨੂੰ ਤੀਜਾ ਇਨਾਮ ਪ੍ਰਾਪਤ ਹੋਇਆ। ਸਥਾਨਕ ਲੋਕ ਸੜਕ ਦੇ ਦੋਨੋ ਪਾਸੇ ਬੈਠ ਇਸ ਪਰੰਪਰਾਗਤ ਪਰੇਡ ਦਾ ਖੁੱਲ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆਂ ਦੀ ਹੌਸ਼ਲਾ ਅਫਜ਼ਾਈ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲਾ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆ ਦਾ ਅਨੰਦ ਮਾਣਦੇ ਹਨ। ਇਹ ਮੇਲੇ ਹਰ ਸ਼ਹਿਰ ਵਿੱਚ ਲਗਾਤਾਰ ਪਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਲੱਗਦੇ ਹਨ। ਜਿੰਨ੍ਹਾਂ ਦਾ ਲੋਕ ਰਲ ਮਿਲ ਭਰਪੂਰ ਅਨੰਦ ਮਾਣਦੇ ਹਨ।

## ਕਰਮਨ ਗੁਰੂਘਰ ਵਿਖੇ ਭਾਈ ਜੋਗਾ ਸਿੰਘ ਜੀ ਦੀਆਂ ਸੇਵਾਵਾਂ ਨੂੰ ਲਗਾਤਾਰ ਰੱਖਣ ਦੀ ਅਪੀਲ




**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸ਼ੈਟਰਲ ਵੈਲੀ ਕੈਲੀਫੋਰਨੀਆਂ ਦੇ ਸ਼ਹਿਰ ਕਰਮਨ ਵਿੱਚ ਸਥਿਤ 'ਗੁਰਦੁਆਰਾ ਅਨੰਦਗੜ ਸਾਹਿਬ' ਵਿਖੇ ਭਾਈ ਜੋਗਾ ਸਿੰਘ ਜੀ ਨੂੰ ਬਤੌਰ 'ਗ੍ਰੰਥੀ ਸਿੰਘ' ਦੋ ਸਾਲ ਦੇ ਲਗਭਗ ਸਮਾਂ ਹੋਣ ਵਾਲਾ ਹੈ। ਇਸ ਦੇ ਨਾਲ ਉਨ੍ਹਾਂ ਦੀ ਪਤਨੀ ਬੀਬੀ ਕੁਲਦੀਪ ਕੌਰ ਵੀ ਬੜੀ ਮਿਹਨਤ ਅਤੇ ਲਗਨ ਨਾਲ ਅੱਗੇ ਹੋ ਕੇ ਨਿਰਸਵਾਰਥ ਲੰਗਰਾਂ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ ਦੋ ਛੋਟੇ-ਛੋਟੇ ਬੱਚੇ ਜਿੰਨ੍ਹਾਂ ਵਿੱਚ ਬੇਟੀ ਖੁਸ਼ਮੀਤ ਕੌਰ ਅਤੇ ਬੇਟਾ ਗਗਨਦੀਪ ਸਿੰਘ ਕੀਰਤਨ ਅਤੇ ਗੁਰਬਾਣੀ ਵਿੱਚ ਸ੍ਰੇਸਟ ਹੋਣ ਕਰਕੇ 'ਕਰਮਨ ਪੰਜਾਬੀ ਸਕੂਲ' ਦੇ ਬੱਚਿਆਂ ਲਈ ਪ੍ਰੇਰਨਾ ਸਰੋਤ ਹਨ। ਜਿੰਨ੍ਹਾਂ ਦੇਖ ਹੋਰ ਬੱਚੇ ਵੀ ਗੁਰਬਾਣੀ ਕੀਰਤਨ ਕਰਨ ਲਈ ਉਤਸਾਹਿਤ ਹੁੰਦੇ ਹਨ। ਸਮੁੱਚੇ ਪਰਿਵਾਰ ਦਾ ਸਮੂਹ ਸੰਗਤ ਨਾਲ ਅਥਾਹ ਪਿਆਰ ਅਤੇ ਅਪਣੱਤ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਸਮੂਹ ਸਿੱਖ ਸੰਗਤਾਂ ਦੀ ਅਪੀਲ ਹੈ ਕਿ ਭਾਈ ਜੋਗਾ ਸਿੰਘ ਦੀ ਸੇਵਾਵਾਂ ਗੁਰੂਘਰ ਵਿੱਚ ਇਸੇ ਤਰ੍ਹਾਂ ਬਹਾਲ ਰੱਖੀਆਂ ਜਾਣ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਗੁਰਦੁਆਰਾ ਕਰਮਨ ਧਾਰਮਿਕ ਸੇਵਾਵਾਂ ਦੇਣ ਦੇ ਨਾਲ-ਨਾਲ ਬੱਚਿਆ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜੀ ਰੱਖਣ ਅਤੇ ਚੰਗੇ ਨਾਗਰਿਕ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ।

## ਸਹਾਇਤਾ ਵੱਲੋਂ ਪਲੈਜੰਟਨ ਬੇ-ਏਰੀਆ ਵਿਖੇ ਫੰਡ ਰੇਜਰ 30 ਸਤੰਬਰ ਨੂੰ

**ਪਲੈਜੰਟਨ (ਕੈਲੇਫੋਰਨੀਆਂ) ਨੀਟਾ ਮਾ-ਛੀਕੇ/ਕੁਲਵੰਤ ਧਾਲੀਆਂ-** ਮਨੁੱਖਤਾ ਦੀ ਸੇਵਾ ਨੂੰ ਸਮਰਪਿਤ "ਸਹਾਇਤਾ" ਸੰਸਥਾ ਵੱਲੋਂ ਦੀਨ ਦੁਖੀਆਂ ਦੀ ਮੱਦਦ ਲਈ ਦੁਨੀਆਂ ਭਰ ਵਿੱਚ ਉਪਰਾਲੇ ਵਿੱਢੇ ਗਏ ਹਨ। ਆਪਣੇਂ ਨਿਸ਼ਾਨੇ ਦੀ ਪੂਰਤੀ ਲਈ ਇਸ ਸੰਸਥਾ ਦੇ ਕਾਰਕੁਨ ਦਾਨੀ ਸੱਜਣਾ ਤੱਕ ਪਹੁੰਚ ਬਣਾਉਣ ਲਈ ਪੂਰੇ ਕੈਲੇਫੋਰਨੀਆਂ ਵਿੱਚ ਫੰਡ ਰੇਜਰ ਕਰ ਰਹੇ ਹਨ। ਇਸੇ ਕੜੀ ਤਹਿਤ ਬੇ-ਏਰੀਏ ਦੇ ਸੋਹਣੇ ਸ਼ਹਿਰ ਪਲੈਜੰਟਨ ਵਿੱਚ 30 ਸਤੰਬਰ ਦਿਨ ਸ਼ਨੀਵਾਰ ਸ਼ਾਮੀਂ 6.30 ਤੋ 10.30 ਵਜੇ ਦਰਮਿਆਨ ਸਥਾਨਿਕ ਸੀਨੀਅਰ ਸੈਂਟਰ ਵਿੱਚ ਫੰਡ ਰੇਜਰ ਹੋ ਰਿਹਾ ਹੈ। ਵਧੇਰੇ ਜਾਣਕਾਰੀ ਲਈ Info@sahita.org ਤੇ ਜਾ ਸਕਦੇ ਹੋ।




## ਰੋਹਿੰਗੀਆ ਮੁਸਲਮਾਨਾਂ 'ਤੇ ਹੋ ਰਹੇ ਤਸ਼ੱਦਦ ਖਿਲਾਫ ਮਿਆਂਮਾਰ ਦੇ ਕੌਂਸਲੇਟ ਸਾਹਮਣੇ ਰੋਸ ਮੁਜ਼ਾਹਰਾ

### ਸਿੱਖ ਭਾਈਚਾਰੇ ਨੇ ਕੀਤੀ ਸ਼ਮੂਲੀਅਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਮਿਆਂਮਾਰ (ਜਿਸਦਾ ਪੁਰਾਣਾ ਨਾਂਅ ਬਰਮਾ ਹੈ) ਵਿਖੇ ਰੋਹਿੰਗੀਆ ਮੁਸਲਮਾਨਾਂ ਤੇ ਮੌਕੇ ਦੀ ਹੁਕੂਮਤ ਅਤੇ ਫੌਜ ਵਲੋਂ ਢਾਹੇ ਜਾ ਰਹੇ ਤਸ਼ੱਦਦ ਖਿਲਾਫ ਨਿਊਯਾਰਕ ਦੀਆਂ ਮਨੁੱਖੀ ਅਧਿਕਾਰ ਅਤੇ ਮੁਸਲਮਾਨ ਜਥੇਬੰਦੀਆਂ ਵਲੋਂ ਮਿਆਂਮਾਰ ਦੇ ਕੌਂਸਲੇਟ ਬਾਹਰ ਇੱਕ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਵਿੱਚ ਸਿੱਖ ਭਾਈਚਾਰੇ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਸਾਲ 2001 ਵਿੱਚ 9ੑ11 ਨੂੰ ਅਮਰੀਕਾ ਦੀ ਧਰਤੀ 'ਤੇ ਹੋਏ ਹਮਲੇ ਵਿੱਚ ਮਾਰੇ ਗਏ ਹਜ਼ਾਰਾਂ ਲੋਕਾਂ ਨੂੰ ਜਿੱਥੇ ਯਾਦ ਕੀਤਾ ਗਿਆ, ਉੱਥੇ ਇਸ ਪ੍ਰਦਰਸ਼ਨ ਵਿੱਚ ਇਹ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਮਿਆਂਮਾਰ ਸਰਕਾਰ ਵਲੋਂ ਰੋਹਿੰਗੀਆ ਮੁਸਲਮਾਨਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਅਤੇ ਸੰਯੁਕਤ ਰਾਸ਼ਟਰ ਵਲੋਂ ਹੁਕੂਮਤ ਦੀ ਇਸ ਕਾਰਵਾਈ ਨੂੰ ਨਸਲਕੁਸ਼ੀ ਐਲਾਨਦਿਆਂ ਮਿਆਂਮਾਰ ਦੀ ਨਿਖੇਧੀ ਕੀਤੀ ਗਈ ਹੈ।



ਨਿਊਯਾਰਕ ਦੀਆਂ ਮਨੁੱਖੀ ਅਧਿਕਾਰ ਅਤੇ ਮੁਸਲਮਾਨ ਜਥੇਬੰਦੀਆਂ ਵਲੋਂ ਮਿਆਂਮਾਰ ਦੇ ਕੌਂਸਲੇਟ ਬਾਹਰ ਰੋਸ ਮੁਜ਼ਾਹਰਾ ਦੀਆਂ ਕੁਝ ਝਲਕੀਆਂ

ਰੋਹਿੰਗੀਆ ਮੁਸਲਮਾਨਾਂ ਦੀ ਮਦਦ ਲਈ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਗਈ ਅਤੇ ਮਿਆਂਮਾਰ ਦੀ ਮੋਢੀ ਆਗੂ ਆਂਗ ਸੈਨ ਸੂ ਕੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਉਸਨੂੰ ਦਿੱਤੇ ਨੋਬਲ ਪੁਰਸਕਾਰ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਸਿੱਖ ਭਾਈਚਾਰੇ ਵਲੋਂ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਮੱਧ-ਪੂਰਬ, ਭਾਰਤ ਅਤੇ ਮਿਆਂਮਾਰ ਸਮੇਤ ਦੂਨੀਆ ਭਰ ਵਿੱਚ ਘੱਟਗਿਣਤੀਆਂ ਨਾਲ ਰੰਗ, ਨਸਲ, ਧਰਮ ਜਾਂ ਲਿੰਗ ਤੇ ਦੇ ਅਧਾਰ 'ਤੇ ਹੁੰਦੇ ਵਿਤਕਰੇ ਖਿਲਾਫ ਸਾਨੂੰ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਇੱਕ ਸਮੇਂ ਨੋਬਲ ਪੁਰਸਕਾਰ ਲੈਣ ਵਾਲੀ ਸੂ ਕੀ ਦੀ ਰਹਿਨੁਮਾਈ ਹੇਠ ਰੋਹਿੰਗੀਆ ਮੁਸਲਮਾਨਾਂ ਦੀ ਕੀਤੀ ਜਾ ਰਹੀ ਨਸਲੀ ਸਫਾਈ ਅਤਿ-ਨਿੰਦਣਯੋਗ ਹੈ ਅਤੇ ਦੁਨੀਆ ਦੇ ਸਮੂਹ ਲੋਕਾਂ ਨੂੰ ਇਹਨਾਂ ਅਮਲਾਂ ਖਿਲਾਫ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

## ਸਹਾਇਤਾ ਵੱਲੋਂ ਫਰਿਜ਼ਨੋ ਵਿਖੇ ਤੀਸਰਾ ਸਲਾਨਾਂ ਫੰਡ ਰੇਜ਼ਰ 6 ਅਕਤੂਬਰ ਨੂੰ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਸਹਾਇਤਾ ਸੰਸਥਾਂ ਵੱਲੋਂ ਤੀਸਰਾਂ ਸਲਾਨਾਂ ਫੰਡ ਰੇਜ਼ਰ ਸਥਾਨਿਕ ਐਲੀਫ਼ਿੰਟ ਲਾਜ਼ ਰੈਸਟੋਰੈਂਟ ਵਿਖੇ 6 ਅਕਤੂਬਰ ਦਿਨ ਸ਼ੁਕਰਵਾਰ ਸ਼ਾਮੀਂ ਸੱਤ ਤੋਂ ਦਸ ਵਜੇ ਦਰਮਿਆਨ ਕੀਤਾ ਜਾ ਰਿਹਾ ਹੈ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾ.ਲ ਲਈ ਉਪਰਾਲੇ ਕਰ ਰਹੀ ਹੈ। ਸੰਸਥਾਂ ਦੇ ਮੋਢੀ ਮੈਂਬਰ ਡਾ. ਹਰਕੇਸ਼ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਮੇਂ ਬਾਲ ਘਰ, ਅਤੇ ਹੋਰ ਕਈ ਪ੍ਰੋਜੈਕਟ ਭਾਰਤ ਅੰਦਰ ਉਸਾਰੀ ਅਧੀਨ ਹਨ ਅਤੇ ਇਹਦੇ ਨਾਲ ਨਾਲ ਹੈਂਡੀ-ਕੈਪ ਬੱਚਿਆਂ ਲਈ ਸ਼ਪੈਸਲ ਵਾਰਡ ਬਣਾਏ ਜਾ ਰਹੇ ਹਨ। ਅਤੇ ਅਸੀਂ ਖੁਦਕੁਸ਼ੀਆਂ ਕਰ ਗਏ ਕਿਸਾਨ-ਮਜ਼ਦੂਰ ਪਰਿਵਾਰਾਂ ਦੇ ਬੇਸਹਾਰਾ ਬੱਚਿਆਂ ਨੂੰ ਪੜ੍ਹਾਉਣ ਦਾ ਬੀੜਾ ਵੀ ਚੁਕਿਆ ਹੈ ਅਤੇ ਇਹ ਸਾਰੇ ਪ੍ਰੋਜੈਕਟ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸਿਰੇ ਚੜਦੇ ਹਨ।

ਇਸ ਮੌਕੇ ਓਹਨਾਂ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਸੰਸਥਾਂ ਦਾ ਇਹ ਫੰਡ ਰੇਜ਼ਰ ਉਲੀਕਨ ਲਈ ਸ਼ੁਕਰੀਆਂ ਅਦਾ ਕੀਤਾ ਤੇ ਦਾਨੀ ਸੱਜਣਾਂ ਨੂੰ ਵੱਧ ਚੜਕੇ ਇਸ ਇਨਸਾਨੀਅਤ ਦੇ ਭਲੇ ਦੇ ਕਾਰਜ਼ ਲਈ ਆਪਣਾ ਦਸਵੰਧ ਕੱਢਣ ਦੀ ਅਪੀਲ ਕੀਤੀ। ਇਸ ਫੰਡ ਰੇਜ਼ਰ ਲਈ ਵਧੇਰੇ ਜਾਣਕਾਰੀ ਲਈ ਤੁਸੀਂ ਅੰਮ੍ਰਿਤ ਧਾਲੀਵਾਲ ਨਾਲ (209) 598-6980 ਤੇ ਸੰਪਰਕ ਕਰ ਸਕਦੇ ਹੋਂ।

## ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੀ ਪੀ.ਟੀ.ਓ ਚੋਣ ਹੋਈ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਜੋ ਕਿ ਕੈਲੀਫੋਰਨੀਆ ਦੇ ਸੈਕਰਾਮੈਂਟੋ ਚ ਅਜਿਹਾ ਪਹਿਲਾ ਚਾਰਟਰ ਸਕੂਲ ਹੈ ਜੋ ਕਿ ਸਿੱਖ ਭਾਈਚਾਰੇ ਵਲੋਂ ਚਲਾਇਆ ਜਾਂਦਾ ਹੈ ਤੇ ਇਸਦੀ ਪੀ.ਟੀ.ਓ. ਸਕੂਲ ਦੇ ਵਾਤਾਵਰਣ ਨੂੰ ਗਤੀਸ਼ੀਲ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਇਸ ਸਾਲ ਦੀ ਚੋਣ ਵਿੱਚ, ਇਸ ਵਾਰੀ ਮਾਪਿਆਂ ਨੇ ਵੱਧ ਦਿਲਚਸਪੀ ਦਿਖਾਈ ਤੇ ਪ੍ਰਣ ਕੀਤਾ ਕਿ ਸਕੂਲ ਦੀ ਬਿਹਤਰੀ ਲਈ ਉਹ ਵੱਧ ਤੋਂ ਵੱਧ ਫ਼ੰਡ ਇਕੱਠੇ ਕਰਨਗੇ ਤੇ ਬੱਚਿਆਂ ਲਈ ਰੌਚਕ ਪ੍ਰੋਗਰਾਮ ਲੈ ਕੇ ਆਉਣਗੇ। ਕਮਲਦੀਪ ਗੌਸਲ ਪ੍ਰਧਾਨ, ਪੂਨਮ ਧਾਲੀਵਾਲ ਵਾਈਸ ਪਰਧਾਨ, ਟੇਲਰ ਬਲੌਸ ਸਕੱਤਰ, ਤੇ ਬਲਜੀਤ ਬੈਂਸ ਖਜ਼ਾਨਚੀ ਦੇ ਆਹੁਦਿਆਂ ਲਈ ਚੁਣੇ ਗਏ। ਦਲਜੀਤ ਘੁੰਮਣ, ਸਾਬਕਾ ਪਰਧਾਨ, ਪਰਮਿੰਦਰ ਢਾਡਲੀ, ਨਵਨੀਤ ਸਿੰਘ ਤੇ ਰਾਜਵੰਤ ਜੰਡਾ ਕਮੇਟੀ ਲੀਡਰਜ਼ ਦੇ ਤੌਰ ਸੇਵਾ ਨਿਭਾਉਣਗੇ। ਇਸ ਦੌਰਾਨ ਅਧਿਆਪਕਾਂ ਵਿੱਚੋਂ ਸੰਦੀਪ ਕੰਗ, ਕਿੰਡਰਗਾਰਟਨ ਤੇ ਕੇਟਕਲਨ ਸੈਂਡਰਜ਼, ਸੈਂਕਡ ਗਰੇਡ ਨੇ ਆਪਣੀ ਹਾਜਰੀ ਲਵਾਈ। ਇਹਨਾਂ ਅਧਿਆਪਕਾਂ ਦੇ ਬੱਚੇ ਵੀ ਇਸੇ ਸਕੂਲ ਵਿੱਚ ਪੜਦੇ ਹਨ। ਪ੍ਰਿੰਸੀਪਲ ਡਾ: ਅਮਰੀਕ ਸਿੰਘ ਨੇ ਪੀਟੀਓ ਕਮੇਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਕੂਲ ਨੂੰ ਮਿਆਰੀ ਬਣਾਉਣ ਲਈ ਮਾਪਿਆਂ ਦੇ ਸਹਿਯੋਗ ਦੀ ਸਖ਼ਤ ਜ਼ਰੂਰਤ ਹੈ। ਪੀਟੀਓ ਪਰਧਾਨ ਮਿਸਟਰ ਗੌਸਲ ਨੇ ਕਿਹਾ ਕਿ ਅਧਿਆਪਕਾਂ ਦੀ ਸਖ਼ਤ ਮਿਹਨਤ ਸਦਕਾ ਸਟੇਟ ਇਮਤਿਹਾਨਾਂ ਵਿੱਚ ਅੱਛੇ ਨਤੀਜ਼ੇ ਆਏ ਹਨ। ਇਹ ਜ਼ਿਕਰ ਕਰਨ ਯੋਗ ਹੈ ਕਿ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਵਿੱਚ ਇੰਗਲਿਸ਼, ਮੈਥ, ਸਾਇੰਸ, ਸੋਸ਼ਲ ਸਟਡੀ, ਸ਼ਰੀਰਕ ਸਿਖਿਆ ਦੇ ਨਾ.ਲ ਨਾ.ਲ ਪੰਜਾਬੀ ਨੂੰ ਵੀ ਇੱਕ ਜ਼ਰੂਰੀ ਵਿਸ਼ੇ ਵਜੋਂ ਪੜਾਇਆ ਜਾਂਦਾ ਹੈ।

## ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ (ਡੀ. ਡੀ. ਬੀ.)-** ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ 24 ਸਤੰਬਰ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ ਵਿਸ਼ਵ ਪੱਧਰ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਹ ਕਬੱਡੀ ਕੱਪ ਗੁਰਦੁਆਰਾ ਸਾਹਿਬ ਦਸ਼ਮੇਸ਼ ਦਬਾਰਾ ਜੋ ਕਿ ਐਲਕ ਗਰੋਵ ਫਲੋਰਨ ਰੋਡ ਤੇ ਸਥਿਤ ਹੈ ਅਤੇ ਨਵਾਂ ਬਣਿਆ ਹੈ, ਦੀ ਖਾਲੀ ਪਈ ਜਮੀਨ ਉਤੇ ਕਰਵਾਇਆ ਜਾ ਰਿਹਾ ਕਬੱਡੀ ਕੱਪ ਦੀ ਕਾਮਯਾਬੀ ਲਈ ਪ੍ਰਬੰਧਕ ਸੁੱਖੀ ਸੇਖੋਂ, ਗੁਰਮੁੱਖ ਸਿੰਘ ਸੰਧੂ, ਕਿੰਦੂ ਰਮੀਦੀ, ਗੁਰਮੁਖ ਸਿੰਘ, ਗੁਰਨੇਕ ਸਿੰਘ, ਸੰਤੋਖ ਦੁਸਾਂਝ ਤੇ ਇੰਦਰਜੀਤ ਖੰਗੂੜਾ ਪੂਰੀ ਤਾਕਤ ਨਾਲ ਜੁਟੇ ਹੋਏ ਹਨ। ਇਸ ਕਬੱਡੀ ਕੱਪ ਦਰਮਿਆਨ ਜੇਤੂ ਟੀਮਾਂ ਨੂੰ ਵਧੀਆ ਨਕਦ ਇਨਾਮ ਦਿੱਤੇ ਜਾਣਗੇ ਅਤੇ ਪੁਰਾਣੇ ਖਿਡਾਰੀਆਂ ਦਾ ਵੀ ਮਾਣ-ਸਤਿਕਾਰ ਕੀਤਾ ਜਾਵੇਗਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

# ਪੰਜਾਬ ਸਰਕਾਰ ਲਈ ਹੁਣ ਕਿਸਾਨ ਬਣਨਗੇ ਮੁਸੀਬਤ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਕਿਸਾਨਾਂ ਦਾ ਸਾਰਾ ਕਰਜਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਇਸ ਦੇ ਇਵਜ਼ ਵਿਚ ਉਹਨਾਂ ਨੂੰ ਪੰਜਾਬ ਵਿਚ ਵੱਡੀ ਜਿੱਤ ਮਿਲੀ ਪਰ ਹੁਣ ਕੈਪਟਨ ਸਰਕਾਰ ਬੜੀ ਕਸੂਤੀ ਸਥਿਤੀ ਵਿਚ ਫਸ ਗਈ ਹੈ। ਕਿਸਾਨ ਕਰਜਾ ਮੁਆਫ ਕਰਨ ਲਈ ਜੋਰ ਪਾ ਰਹੇ ਹਨ ਪਰ ਪੰਜਾਬ ਦੀ ਮਾਲੀ ਹਾਲਤ ਬਿਲਕੁਲ ਖਸਤਾ ਹੋਈ ਪਈ ਹੈ, ਜਿਸ ਕਰਕੇ ਅਜਿਹਾ ਕਰਨਾ ਸੰਭਵ ਹੀ ਨਹੀਂ ਹੈ। ਅਜਿਹੀ ਸਥਿਤੀ ਵਿਚ ਹੁਣ ਕਿਸਾਨ ਸੜਕਾਂ ਤੇ ਉਤਰ ਆਏ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਮਹਿਲ ਘੇਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ।

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਲੀਡਰ ਗੰਨੇ ਦੇ ਬਕਾਏ ਲੈਣ ਲਈ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਦੇ ਨਿਵਾਸ ਦਾ ਘਿਰਾਓ ਕਰਨਾ ਚਾਹੁੰਦੇ ਸਨ। ਸੋਮਵਾਰ ਨੂੰ ਉਨ੍ਹਾਂ ਨੂੰ ਮੁਹਾਲੀ-ਚੰਡੀਗੜ੍ਹ ਹੱਦ ’ਤੇ ਰੋਕ ਲਿਆ ਗਿਆ। ਫਿਰ ਮੰਗਲਵਾਰ ਨੂੰ ਧਰਨੇ ’ਤੇ ਡਟੇ ਇਨ੍ਹਾਂ ਸੈਂਕੜੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਸਮੇਤ ਸੱਤ ਕਿਸਾਨ ਜਥੇਬੰਦੀਆਂ ਵੱਲੋਂ 22 ਸਤੰਬਰ ਤੋਂ ਪੰਜ-ਰੋਜ਼ਾ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਥੇਬੰਦੀਆਂ ਕਿਸਾਨੀ ਕਰਜ਼ਿਆਂ ਦੀ ਮੁਕੰਮਲ ਮੁਆਫ਼ੀ ਦੀ ਮੰਗ ਕਰ ਰਹੀਆਂ ਹਨ। ਇਸ ਤੋਂ ਇਲਾਵਾ ਇਹ ਸਾਰੀਆਂ ਫ਼ਸਲਾਂ ਦੀ ਘੱਟੋ-ਘੱਟ ਖ਼ਰੀਦ ਕੀਮਤ (ਐੱਮ ਐੱਸ ਪੀ) ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਿਕ ਤੈਅ ਕੀਤੇ ਜਾਣ, ਪਟੇਦਾਰਾਂ ਤੇ ਵਾਹੀਕਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ ਅਤੇ ਝੋਨੇ ਦੀ ਪਰਾਲੀ ਸਰਕਾਰੀ ਖ਼ਰਚ ਉੱਤੇ ਬਿਲੇ ਲਾਏ ਜਾਣ ਵਰਗੀਆਂ ਮੰਗਾਂ ਉੱਤੇ ਵੀ ਜ਼ੋਰ ਦਿੰਦੀਆਂ ਆ ਰਹੀਆਂ ਹਨ।

ਪੰਜਾਬ ਦੀ ਕਿਸਾਨੀ ਅੰਦਰਲੀ ਬੇਚੈਨੀ ਤੋਂ ਸਪਸ਼ਟ ਹੈ ਕਿ ਖੇਤੀ ਕਰਮਾ ਸੇਤੀ ਨਹੀਂ ਰਹੀ। ਦਰਅਸਲ, ਪੰਜਾਬ ਅੰਦਰ ਕਿਸਾਨੀ ਸੰਕਟ ਤਾਂ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਚੱਲ ਰਿਹਾ ਹੈ। ਹਰੇ ਇਨਕਲਾਬ ਨੇ ਖੇਤੀ ਖੇਤਰ ਵਿੱਚ ਜੋ ਖ਼ੁਸ਼ਹਾਲੀ ਲਿਆਂਦੀ ਸੀ, ਉਸ ਦੀ ਲਗਾਤਾਰਤਾ ਯਕੀਨੀ ਬਣਾਈ ਜਾਣੀ ਚਾਹੀਦੀ ਸੀ, ਪਰ ਅਜਿਹਾ ਕੁਝ ਨਹੀਂ ਕੀਤਾ ਗਿਆ। ਨਾ ਤਾਂ ਨੌਜਵਾਨ ਪੀੜ੍ਹੀ ਨੂੰ ਕਿਰਤ ਸੱਭਿਆਚਾਰ ਨਾਲ ਜੋੜੀ ਰੱਖਣ ਦੇ ਠੋਸ ਉਪਰਾਲੇ ਹੋਏ ਅਤੇ ਨਾ ਹੀ ਧਰਤੀ ਦੀ ਉਪਜਾਊ ਸ਼ਕਤੀ ਬਚਾਈ ਰੱਖਣ ਅਤੇ ਫ਼ਸਲੀ ਵਿਭਿੰਨਤਾ ਨੂੰ ਸਾਰਥਿਕ ਬਣਾਉਣ ਦੇ। ਸਰਕਾਰਾਂ ਨੇ ਵੀ ਕਣਕ-ਝੋਨੇ ਦਾ ਫ਼ਸਲੀ ਚੱਕਰ ਤੋੜਨ ਦੇ ਸੰਜੀਦਾ ਯਤਨ ਨਹੀਂ ਕੀਤੇ। ਦੂਜੇ ਰਾਜਾਂ ਦੇ ਕਿਸਾਨਾਂ ਦੇ ਮੁਕਾਬਲੇ ਪੰਜਾਬ ਵਿੱਚ ਖੇਤੀ ਦੀ ਲਾਗਤ ਕਾਫ਼ੀ ਵੱਧ ਹੈ।

ਕਿਸਾਨ ਸਮੱਸਿਆਵਾਂ ਤੇ ਸਾਰੇ ਭਾਰਤ ਵਿਚ ਚਰਚਾ ਚੱਲ ਰਹੀ ਹੈ। ਸਾਰੇ ਭਾਰਤ ਵਿਚ ਕਿਸਾਨ ਅੰਦੋਲਨ ਚਲਾ ਰਹੇ ਹਨ ਪਰ ਸੂਬਾ ਸਰਕਾਰਾਂ ਇਹਨਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਵਿਚ ਨਾਕਾਮ ਨਜ਼ਰ ਆ ਰਹੀਆਂ ਹਨ, ਜਿਸ ਕਰਕੇ ਕਿਸਾਨ ਸੜਕਾਂ ਤੇ ਆਉਣ ਲਈ ਮਜਬੂਰ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-42

## ਗੁਰਬਾਣੀ ਚਾਨਣ ਵਿੱਚ ਸਰਬਤ ਦਾ ਭਲਾ



ਅਵਤਾਰ ਸਿੰਘ ਮਿਸ਼ਨਰੀ
510-432-5827

ਸਰਬਤ੍ਰ ਸੰਸਕ੍ਰਿਤ, ਸਭ ਅਤੇ ਸਰਬਤ ਪੰਜਾਬੀ ਦੇ ਸ਼ਬਦ ਹਨ। ਇਨ੍ਹਾਂ ਦੇ ਅਰਥ ਹਨ-ਸਭ ਥਾਂ, ਸਭ ਜਗ੍ਹਾ, ਸਾਰੇ ਅਤੇ ਤਮਾਮ।(ਮਹਾਨਕੋਸ਼) ਇਹ ਸਰਬੱਤ ਦਾ ਭਲਾ ਸ਼ਬਦ ਅਰਦਾਸ ਦੇ ਅਖੀਰ ਤੇ ਵੀ ਆਉਂਦਾ ਹੈ-ਨਾਨਕ, ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ (ਅਰਦਾਸ) ਪਰ ਇਹ ਗੁਰਬਾਣੀ ਦੀ ਪੰਕਤੀ ਨਹੀਂ ਸਗੋਂ ਸਿਧਾਂਤਕ ਕਾਵਿ ਹੈ।

ਨੋਟ-ਨਾਨਕ ਸ਼ਬਦ ਵਰਤਣ ਦਾ ਸਿੱਖ ਗੁਰੂਆਂ ਨੂੰ ਹੀ ਅਧਿਕਾਰ ਸੀ ਨਾਂ ਕਿ ਕਿਸੇ ਹੋਰ ਨੂੰ, ਅਰਦਾਸ ਵਿੱਚ ਹੋਰ ਵੀ ਲੋੜੀਦੀਆਂ ਸੋਧਾਂ ਹੋਣ ਵਾਲੀਆਂ ਹਨ ਜਿਵੇਂ “ਪ੍ਰਿਥਮ ਭਗੌਤੀ ਸਿਮਰ ਕੈ” (ਸਿੱਖ ਪ੍ਰਿਥਮ ਅਕਾਲ ਪੁਰਖ ਨੂੰ ਸਿਮਰਦਾ ਹੈ ਨਾਂ ਕਿ ਭਗੌਤੀ (ਦੁਰਗਾ) ਨੂੰ) ਦਸਾਂ ਪਾਤਸ਼ਹੀਆਂ ਦੀ ਜੋਤਿ (ਗੁਰੂ ਗ੍ਰੰਥ ਸਾਹਿਬ ਵਿਖੇ 35 ਮਹਾਂਪੁਰਖਾਂ ਦੀ ਬਾਣੀ ਨਾਂ ਕਿ ਕੇਵਲ ਦਸਾਂ ਦੀ ਇਸ ਲਈ ਇੱਥੇ ਗੁਰਆਂ-ਭਗਤਾਂ ਦੀ ਜੋਤਿ ਕਹਿਣਾ ਚਾਹੀਦਾ ਹੈ) ਹਠੀਆਂ, ਜਪੀਆਂ, ਤਪੀਆਂ (ਹੱਠ ਕਰਨਾ, ਜਲਧਾਰੇ ਕਰਦੇ ਤੋਤਾ ਰਟਨੀ ਜਪ ਕਰਨੇ ਅਤੇ ਗੈਰ-ਕੁਦਰਤੀ ਤਰੀਕਿਆਂ ਨਾਲ ਸਰੀਰ ਨੂੰ ਕਸ਼ਟ ਦੇਣੇ) ਆਦਿਕ।

ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਸਰਬੱਤ ਦਾ ਭਲਾ-ਸਿੱਖ ਸਿਧਾਂਤ ਸਭ ਦਾ ਭਲਾ ਮੰਗਦਾ ਹੈ-ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥ (੩੦੨) ਜਦ ਸਾਰੇ ਜੀਵ ਤੇਰੇ ਹਨ ਫਿਰ ਬੁਰਾ-ਭਲਾ ਕਿਸ ਨੂੰ ਆਖੀਏ-ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ॥੧॥ (੩੮੩) ਪਰਾਏ ਦਾ ਬੁਰਾ ਚਿੱਤ ਵਿੱਚ ਨ ਰੱਖੋ-ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥੩॥ (੩੮੬) ਜਿੱਥੇ ਵੀ ਜਾਈਏ ਭਲਾ ਹੀ ਕਹੀਏ-ਜਿਥੈ ਜਾਇ ਬਹੀਐ ਭਲਾ ਕਹੀਐ॥(੫੬੬) ਗੁਰਮੁਖ ਆਪਣੇ ਆਪ ਨੂੰ ਮੰਦਾ ਤੇ ਸੰਸਾਰ ਨੂੰ ਭਲਾ ਜਾਣਦਾ ਹੈ-ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥੪॥੭॥(੯੯੧) ਤੂੰ ਇੱਕ ਹੀ ਮੂਰਖ ਹੈਂ ਬਾਕੀ ਸੰਸਾਰ ਭਲਾ ਹੈ-ਨਾਨਕ ਮੂਰਖ ਏਕ ਤੂ ਅਵਰੁ ਭਲਾ ਸੰਸਾਰੁ॥(੧੩੨੮) ਵਾਰ ਅਠਵੀਂ ਪੌੜੀ ੨੪ ਵਿੱਚ ਭਾਈ ਗੁਰਦਾਸ ਜੀ ਫੁਰਮਾਂਦੇ ਨੇ ਗੁਰਮੁਖ ਮਿੱਠਾ ਬੋਲਦਾ, ਨਿਮਰਤਾ ਚ ਰਹਿੰਦਾ ਤੇ ਹੱਥੀਂ ਵੰਡ, ਭਲਾ ਮਨਾਉਂਦਾ ਹੈ-ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੇ ਭਲਾ ਮਨਾਏ॥ (ਵਾਰ-੮Kਪਾਉੜੀ-੨੪) ਆਪ ਭਲਾ ਸਾਰੇ ਜੱਗ ਨੂੰ ਭਲਾ ਹੀ ਦੇਖਦਾ ਹੈ-ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ। (ਵਾਰ ੩੧ ਪਾਉੜੀ-੪)

ਸਰਬੱਤ ਦੇ ਭਲੇ ਦੇ ਸਿਧਾਂਤ ਬਾਰੇ ਸੁਚੇਚਤਾ ਦੀ ਲੋੜ-ਕੁਕਰਮੀਆਂ ਨੂੰ ਸੁਧਾਰਨਾ, ਧੀਆਂ ਭੈਣਾਂ ਨੂੰ ਛੇੜਨ ਵਾਲੇ, ਬਲਾਤਕਾਰੀਆਂ ਤੇ ਕਾਤਲਾਂ ਨੂੰ ਸਖਤ ਸਜਾਵਾਂ ਦੇਣੀਆਂ, ਵਿਹਲੜ ਮੰਗਤਿਆਂ ਨੂੰ ਦਾਨ ਨਾਂ ਦੇਣਾਂ ਸਗੋਂ ਕੰਮੇ ਲਾਉਣਾ ਤੇ ਲੋੜਵੰਦਾਂ ਦੀ ਮਦਦ ਕਰਨਾ, ਸਾਰੀ ਮਨੁੱਖਤਾ ਨੂੰ ਸਰਬਸਾਂਝਾ ਰੱਬੀ ਉਪਦੇਸ਼ ਦੇਣਾ, ਛੂਆ-ਛਾਤ, ਜਾਤ-ਪਾਤ ਤੇ ਉਚ-ਨੀਚ ਛੱਡ ਕੇ, ਮਨੁੱਖਤਾ ਦੀ ਸੇਵਾ ਕਰਨਾ, ਆਪਣੇ ਘਰ ਪ੍ਰਵਾਰ ਦੀ ਸੰਭਾਲ ਕਰਦੇ, ਵਿਤ ਮੁਤਾਬਿਕ ਲੋੜਵੰਦਾਂ ਦੀ ਸੰਭਾਲ ਕਰਨੀ, ਵੱਡੇ ਵੱਡੇ ਸਮ-ਾਜਿਕ, ਰਾਜਨੀਤਕ ਅਤੇ ਧਾਰਮਿਕ ਅਦਾਰਿਆਂ ਵੱਲੋਂ ਲੋੜਵੰਦਾਂ ਨੂੰ ਕੰਮ ਦੇ ਕੇ ਜਾਂ ਕੰਮ ’ਤੇ ਲਵਾ ਕੇ ਮਦਦ ਕਰਨੀ ਅਤੇ ਸਭ ਤੋਂ ਵੱਡਾ ਸਰਬੱਤ ਦਾ ਭਲਾ ਸਮੁੱਚੀ ਲੋਕਾਈ ਨੂੰ "ਏਕ ਪਿਤਾ ਏਕਸ ਕੇ ਹਮ ਬਾਰਿਕ" ਦਾ ਸਿਧਾਂਤ ਦ੍ਰਿੜਾਂਦੇ ਆਪਸੀ ਮੇਲ-ਜੋਲ ਰੱਖਣ, ਬੁਹੱਬਤ-ਪਿਆਰ ਅਤੇ ਏਕਤਾ ਪੈਦਾ ਕਰਕੇ, ਨਫਰਤੀ ਜੰਗਾਂ ਨਾਂ ਕਰਨੀਆਂ ਜਾਂ ਰੋਕਣੀਆਂ ਹੀ ਅਸਲ ਸਰਬੱਤ ਦਾ ਭਲਾ ਕਰਨਾ ਹੈ ਨਾਂ ਕਿ ਬੇਗਿਆਨੇ, ਬੇਧਿਆਨੇ ਹੋ ਕੀੜਿਆਂ ਦੇ ਭੌਣ ਤੇ ਮਣਾ ਮੂੰਹੀ ਅਨਾਜ ਸੁੱਟਣਾਂ, ਪੱਥਰ ਦੀਆਂ ਮੂਰਤੀਆਂ ਤੇ ਕੁਵਾਂਟਲ ਕੁਵਾਂਟਲ ਦੁੱਧ ਰੋੜਣਾ, ਹੱਟੇ ਕੱਟੇ ਮੰਗਤਿਆਂ ਨੂੰ ਦਾਨ ਦੇਣਾ, ਪਾਰਟੀ ਜਾਂ ਪ੍ਰਵਾਰਕ ਤੌਰ ਤੇ ਗਲਤ ਬੰਦਿਆਂ ਤੇ ਕਾਤਲਾਂ ਦਾ ਪੱਖ ਪੂਰਨਾ, ਵੱਡੇ ਵੱਡੇ ਡਾਕੇ ਮਾਰ, ਚੋਰੀ ਕਰ, ਦੂਜਿਆਂ ਦਾ ਹੱਕ ਮਾਰ, ਹੇਰਾ ਫੇਰੀ ਨਾਲ ਕਮਾਏ ਧੰਨ ਨਾਲ ਭੰਡਾਰੇ ਕਰਨੇ, ਲੰਗਰ ਤੇ ਛਬੀਲਾਂ ਲਾ ਆਪਣੇ ਆਪ ਨੂੰ ਦਾਨੀ ਤੇ ਧਰਮੀ ਸਮਝਣਾ ਸਰਬੱਤ ਦਾ ਭਲਾ ਨਹੀਂ ਸਗੋਂ ਮਨੁੱਖਤਾ ਦਾ ਆਪਣਾ, ਮਨੁੱਖਤਾ ਦਾ ਘਾਣ ਤੇ ਨੁਕਸਾਨ ਹੈ।

# ਪੁਰਾਤਨ ਸੰਗੀਤਕ ਸਾਜੋ ਸਮਾਨ ਸਾਂਭੀ ਬੈਠਾ 'ਅਵਤਾਰ ਸਿੰਘ ਬਰਨਾਲਾ’



ਤਸਵਿੰਦਰ ਸਿੰਘ ਬੜੈਚ
98763-22677

ਸਮੇਂ ਦੀ ਕਰਵਟ ਨਾਲ ਕਈ ਕਿਸਮ ਦੇ ਨਵੇਂ ਸਾਊਂਡ ਸਿਸਟਮ ਆ ਜਾਣ ਕਾਰਨ ਤਵਿਆਂ ਵਾਲੀਆਂ ਗ੍ਰਾਮੋਫੋਨ ਮਸੀਨਾਂ ਤੇ ਤਵੇ ਰਿਕਾਰਡ ਲਗਭਗ ਗਾਇਬ ਹੀ ਹੋ ਚੁੱਕੇ ਹਨ। ਪਰ ਕਈ ਵਿਅਕਤੀ ਅੱਜ ਵੀ ਅਜਿਹੀਆਂ ਵਿਰਾਸਤੀ ਚੀਜਾਂ ਨੂੰ ਸੰਭਾਲਣ ਦੇ ਯਤਨ ਵਿਚ ਲੱਗੇ ਹੋਏ ਹਨ। ਅਜਿਹੇ ਵਿਆਕਤੀਆਂ ਵਿਚੋਂ ਇਕ ਹੈ ਬਰਨਾਲੇ ਦਾ ਜੰਮਪਲ ਅਤੇ ਹਾਲ ਆਬਾਦ ਸਾਦਿਕ ਰੋਡ ਫਰੀਦਕੋਟ ਦਾ ਅਵਤਾਰ ਸਿੰਘ ਬਰਨਾਲਾ, ਜਿਸ ਨੇ ਗ੍ਰਾਮੋਫੋਨ ਮਸੀਨਾਂ, ਤਵੇ, ਟੇਪ ਰਿਕਾਰਡਾਂ, ਟਿਊਬਾਂ ਵਾਲੇ ਰੇਡੀਓ ਅਤੇ ਹੋਰ ਸੰਗੀਤਕ ਸਮਾਨ ਸੰਭਾਲ ਕੇ ਰੱਖਿਆ ਹੋਇਆ ਹੈ। ਉਸਦੀ ਸੰਗੀਤਕ ਲਾਇਬ੍ਰੇਰੀ ਵਿਚ ਪੰਜਾਬ ਦੀ ਮਸਹੂਰ ਗਾਇਕਾਂ ਪ੍ਰਕਾਸ ਕੌਰ ਤੇ ਸੁਰਿੰਦਰ ਕੌਰ ਦੇ ਗੀਤ 'ਡਾਚੀ ਵਾਲਿਆ ਮੋੜ ਮੁਹਾਰ ਵੇ’,'ਸੂਈ ਵੇ ਸੂਈ ਬਾਲਮਾਂ ਸੂਈ ਵੇ’,'ਕਰ ਛਤਰੀ ਦੀ ਛਾਂ ਮੈਂ ਛਾਵੇਂ ਵਹਿੰਨੀ ਆਂ’,'ਚੰਨ ਵੇ ਕੇ ਸੌਕਣ ਮੇਲੇ ਦੀ’,'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ’, 'ਬਾਜਰੇ ਦਾ ਸਿੱਟਾ।’ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ 'ਜੱਟੀ ਮਿਲੀ ਜੱਟ ਨੂੰ ਪਤੰਗ ਵਰਗੀ’,'ਮੇਰੀ ਐਸੀ ਝਾਂਜਰ ਛਣਕੇ’,'ਰਹੀ ਬਚਕੇ ਹਾਨਣੇ’,'ਪੱਟ ਦਿੱਤੀ ਗੁੱਤ ਮੈਂ’,'ਤੇਲੂ ਰਾਮ ਦੀ ਹੱਟੀ ਦਾ ਜਰਦਾ।’ ਸੀਤਲ ਸਿੰਘ ਦਾ 'ਜੱਟੀਏ ਟਰੱਕ ਤੇਰੇ ਯਾਰ ਦਾ।’ ਜਗਮੋਹਣ ਦੀਪ ਤੇ ਕੇ ਦੀਪ ਦੇ 'ਘੜਾ ਵੱਜਦਾ ਘੜੋਲੀ ਵੱਜਦੀ’,'ਮੇਰੀ ਕੀਨੇ ਖਿੱਚ ਲਈ ਪਤੰਗ ਵਾਲੀ ਡੋਰ।’ ਨਰਿੰਦਰ ਬੀਬਾ ਦਾ 'ਮਾਝੇ ਦੀ ਮੈਂ ਜੱਟੀ।’ ਹਰਚਰਨ ਸਿੰਘ ਗਰੇਵਾਲ ਦੇ 'ਮੇਰੀ ਵਾਰੀ ਆਈ ਪਤੀਲਾ ਖੜਕੇ’,'ਤੇਰੀ ਪੀਂਘ ਦਾ ਹੁਲਾਰਾ ਬਣ ਜਾਵਾਂ।’ ਸਨੇਹਲਤਾ ਤੇ ਦੀਦਾਰ ਸੰਧੂ ਦਾ 'ਤੂੰਬਾ ਮੇਰੀ ਜਾਨ ਕੁੜੇ।’ ਸਵਰਨ ਲਤਾ ਕਰਮਜੀਤ ਧੂਰੀ ਦੇ 'ਸੱਥ ਵਿਚ ਲੱਗੀ ਵੇ ਕਚਹਿਰੀ’,'ਕਾਹਨੂੰ ਮਾਰਨੈ ਚੰਦਰਿਆ ਛਮਕਾਂ।’ ਸੋਹਣ ਸਿੰਘ ਮਸਤਾਨਾ ਦੇ 'ਸੋਹ ਖਾ ਲਈ ਭਗਤ ਸਿੰਘ ਨੇ’,'ਕੋਈ ਨਹੀਂ ਕਿਸੇ ਦਾ ਯਾਰ।’ ਹਰਨੇਕ ਸਿੰਘ ਨੇਕ ਦੇ 'ਚੋਰੀ ਆ ਜਾ ਕੰਧ ਟੱਪ ਕੇ’,'ਨਾਲਾ ਟੰਗ ਲੈ ਘੁੰਗਰੂਆਂ ਵਾਲਾ।’ ਨਰਿੰਦਰ ਚੰਚਲ ਦਾ 'ਲੱਗੀ ਵਾਲੇ ਕਦੇ ਨਾ ਸੋਂਦੇ।’ ਹਰਚਰਨ ਗਰੇਵਾਲ ਤੇ ਸੁਰਿਦਰ ਕੌਰ ਦਾ 'ਲੱਕ ਹਿੱਲੇ ਮਜਾਜਣ ਜਾਂਦੀ ਦਾ।’ ਸੁਦੇਸ ਕਪੂਰ ਤੇ ਰਮੇਸ ਰੰਗੀਲਾ ਦਾ 'ਬਿਨਾਂ ਬਰੇਕੋਂ ਆਉਂਦੇ ਜੱਟ ਨੂੰ।’ ਲਾਲ ਚੰਦ ਯਮਲਾ ਜੱਟ ਦਾ 'ਮੈਂ ਕੀ ਪਿਆਰ ਵਿਚੋਂ ਖੱਟਿਆ।’ ਆਸਾ ਸਿੰਘ ਮਸਤਾਨਾ ਦਾ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ।’ ਕਰਮਜੀਤ ਧੂਰੀ ਦਾ 'ਮਿੱਤਰਾਂ ਦੀ ਲੂਣ ਦੀ ਡਲੀ।’ ਗੁਰਮੀਤ ਬਾਵਾ ਤੇ ਕ੍ਰਿਪਾਲ ਬਾਵਾ ਦਾ 'ਛੜਿਆ ਦੀ ਨਜਰ ਬੁਰੀ’ ਆਦਿ ਦੇ ਰਿਕਾਰਡ ਉਸ ਕੋਲ ਮੌਜੂਦ ਹਨ। ਇਨ੍ਹਾਂ ਪੁਰਾਤਨ ਤਵਿਆਂ ਤੋਂ ਇਲਾਵਾ ਮੁਹੰਮਦ ਰਫੀ, ਚਾਂਦੀ ਰਾਮ ਚਾਂਦੀ, ਫਕੀਰ ਸਿੰਘ ਫਕੀਰ, ਰਣਵੀਰ ਸਿੰਘ ਰਾਣਾ, ਆਸਾ ਸਿੰਘ ਮਸਤਾਨਾ, ਕੁਲਦੀਪ ਮਾਣਕ, ਏ ਐਸ ਕੰਗ, ਸਿਵ ਕੁਮਾਰ ਬਟਾਲਵੀ, ਗੁਰਪਾਲ ਸਿੰਘ ਪਾਲ, ਲੱਖੀ ਵਣਜਾਰਾ, ਅਮਰ ਸਿੰਘ ਸੌਕੀ, ਉਦੇ ਸਿੰਘ, ਨਿੱਕਾ ਸਿੰਘ ਦਰਦੀ, ਬਾਵਾ ਸਿੰਘ ਸਿੱਧੂ, ਮੋਹਣ ਸਿੰਘ ਸੌਕੀ, ਨਿਰੰਜਨ ਸਿੰਘ, ਪ੍ਰਕਾਸ ਸਿੱਧੂ, ਪ੍ਰਕਾਸ ਚੰਦ ਚਮਨ, ਕਰਨੈਲ ਗਿੱਲ, ਗੁਰਚਰਨ ਪੋਹਲੀ, ਪ੍ਰੇਮਿਲਾ ਪੰਮੀ, ਧੰਨਾ ਸਿੰਘ ਰੰਗੀਲਾ, ਜਗਦੇਵ ਯਮਲਾ, ਚਾਂਦੀ ਰਾਮ ਆਦਿ ਦੇ ਰਿਕਾਰਡ ਵੀ ਉਸ ਕੋਲ ਮੌਜੂਦ ਹਨ। ਪਾਕਿਸਤਾਨ ਦਾ ਆਲਮ ਲੁਹਾਰ, ਨੂਰ ਜਹਾਂ, ਰੇਸਮਾਂ, ਸੌਕਤ ਅਲੀ, ਅਨਾਇਤ ਅਲੀ, ਜਨਾਬ ਨੁਸਰਤ ਫਤਹਿ ਅਲੀ ਖਾਂ ਦੀਆਂ ਸੁਰੀਲੀਆਂ ਅਵਾਜਾਂ ਵੀ ਅਵਤਾਰ ਸਿੰਘ ਨੇ ਸਾਂਭ ਕੇ ਰੱਖੀਆਂ ਹੋਈਆਂ ਹਨ। ਧਾਰਮਿਕ ਰਿਕਾਰਡਿੰਗ ਵਿਚ ਸਾਕਾ ਸਰਹਿੰਦ, ਸਾਕਾ ਚਮਕੌਰ ਦੀ ਗੜ੍ਹੀ, ਸਾਕਾ ਤੱਤੀ ਤਵੀ, ਬਾਬਾ ਦੀਪ ਸਿੰਘ, ਨਾਂਨਕ ਵੀਰਾ ਘੋੜੀ, ਏਕ ਨੂਰ ਸੇ, ਆਸਾ ਦੀ ਵਾਰ, ਸਬਦ ਤੇ ਸਲੋਕ, ਧੰਨ ਨਾਨਕ ਤੇਰੀ ਵੱਡੀ ਕਮਾਈ, ਲਤਾ ਮੰਗੇਸਕਰ ਦਾ 1972 ’ਚ ਇਕੋ ਇਕ ਰਿਕਾਰਡ ਹੋਇਆ ਧਾਰਮਿਕ ਤਵਾ 'ਮਿਲ ਮੇਰੇ ਪ੍ਰੀਤਮਾ’ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀਆ, ਢਾਡੀਆਂ, ਕਵੀਸਰਾਂ ਦੇ ਰਿਕਾਰਡ ਵੀ ਉਸ ਕੋਲ ਹਨ। ਹਿੰਦੀ ਫਿਲਮੀ ਗੀਤਾਂ ਦੇ ਤਵਿਆਂ ’ਚ ਤਾਜ, ਬਲੈਕ ਮੇਲ, ਸੂਰਜ, ਪਾਕੀਜਾ, ਰੋਟੀ ਕੱਪੜਾ ਔਰ ਮਕਾਨ, ਬਾਬਲ, ਮੁਗਲੇ ਆਜਮ, ਬਰਸਾਤ, ਪ੍ਰੇਮ ਰੋਗ, ਦਾਗ, ਰਾਜਾ ਰਾਣੀ, ਬਸੰਤੀ, ਕਭੀ ਕਭੀ, ਪੱਥਰ ਕੇ ਸਨਮ, ਨੂਰੀ, ਗੂੰਜ ਉਠੀ ਸਹਿਨਾਈ, ਆਂਧੀ, ਕਸੋਟੀ ਆਦਿ ਹੋਰ ਬਹੁਤ ਸਾਰੀਆਂ ਫਿਲਮਾਂ ਦੇ ਰਿਕਾਰਡ ਜਿਨ੍ਹਾਂ ਦੇ ਨਾਂਅ ਗਿਣਾਉਣੇ ਸੰਭਵ ਨਹੀਂ ਹਨ, ਹਜਾਰਾਂ ਦੀ ਗਿਣਤੀ ਵਿਚ ਉਸਦੇ ਸੰਗ੍ਰਹਿ ਵਿਚ ਪਏ ਹਨ। ਇਸ ਤੋਂ ਇਲਾਵਾ ਉਸ ਕੋਲ ਸਵਿਟਜਰਲੈਂਡ ਦੀ 100 ਸਾਲ ਪੁਰਾਣੀ ਰਿਕਾਰਡ ਮਸੀਨ, ਕੋਲੰਬੀਆ ਅਹੂਜਾ ਕੰਪਨੀ ਦੀ, ਬਿਨ੍ਹਾਂ ਬੈਟਰੀ, ਸੈੱਲ ਤੋਂ ਚੱਲਣ ਵਾਲੀ ਮਸੀਨ, ਬੁਸ, ਫਲਿਪਸ, ਐਚ ਐਮ ਵੀ ਕੰਪਨੀਆਂ ਦੀਆਂ ਬਿਜਲੀ ਨਾਲ ਚੱਲਣ ਵਾਲੀਆਂ ਗ੍ਰਾਮੋਫੋਨ ਮਸੀਨਾਂ ਵੀ ਸੰਭਾਲੀਆਂ ਹੋਈਆ ਹਨ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਵਿਖੇ ਨੋਕਰੀ ਕਰ ਰਹੇ ਅਵਤਾਰ ਸਿੰਘ ਕੋਲ ਅਕਾਈ ਕੰਪਨੀ, ਫਲਿਪਸ ਦੀਆਂ ਫਿਰਕੀਆਂ ਵਾਲੀਆਂ ਟੇਪ ਰਿਕਾਰਡਾਂ ਅਤੇ ਮਰਫੀ, ਫਲਿਪਸ ਕੰਪਨੀਆਂ ਦੇ ਟਿਊਬਾਂ ਵਾਲੇ ਰੇਡੀਉ, ਅਹੂਜਾ, ਫਲਿਪਸ ਕੰਪਨੀ ਦੇ ਐਮਪਲੀਫੇਅਰ ਵੀ ਹਨ। ਅਵਤਾਰ ਸਿੰਘ ਵੱਲੋਂ ਇਕੱਠੇ ਕੀਤੇ ਇਸ ਭੰਡਾਰ ’ਤੇ ਹੁਣ ਤੱਕ ਲੱਖਾਂ ਰੁਪਏ ਖਰਚੇ ਜਾ ਚੁੱਕੇ ਹਨ। ਉਸ ਨੂੰ ਇਹ ਚੀਜਾਂ ਇਕੱਠੀਆਂ ਕਰਨ ਦਾ ਸੌਕ 1979 ਵਿਚ ਆਪਣੇ ਮਾਮੇ ਅੰਮ੍ਰਿਤਪਾਲ ਸਿੰਘ ਦੇ ਵਿਆਹ ਉੱਤੇ ਰਿਕਾਰਡ ਪਲੇਅਰ ਉੱਤੇ ਤਵੇ ਰੱਖ ਕੇ ਚਲਾਉਦਿਆ ਪਿਆ। ਫਰੀਦਕੋਟ ਸਹਿਰ ਵਿਚ ਆਪਣੀ ਜੀਵਣ ਸਾਥਣ ਰਣਵੀਰ ਕੌਰ, ਸਪੁੱਤਰ ਰਤਿੰਦਰਪਾਲ ਸਿੰਘ ਰਾਹੁਲ ਅਤੇ ਪੁੱਤਰੀ ਰੂਬਲ ਸਮੇਤ ਰਹਿ ਰਿਹਾ ਅਵਤਾਰ ਸਿੰਘ ਕਈ ਵਿਰਾਸਤੀ ਮਲਿਆਂ ’ਤੇ ਆਪਣੇ ਇਸ ਸੰਗੀਤਕ ਸਾਜੋ ਸਮਾਨ ਦੀ ਪ੍ਰਦਰਸਨੀ ਵੀ ਲਾ ਚੁੱਕਾ ਹੈ।






The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਈਸਟ ਟਮਾਕੀ ਮੋਟਰਵੇਅ ਬ੍ਰਿਜ ਉਤੇ ਆਤਮਹੱਤਿਆ ਕਰਨ ਲੱਗੀ ਔਰਤ ਨੂੰ ਦਲੇਰੀ ਸੰਗ ਬਚਾਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਖੂਨ ਦਾਨ ਨੂੰ ਜੀਵਨ ਦਾਨ ਦੇ ਬਰਾਬਰ ਮੰਨਿਆ ਜਾਂਦਾ ਹੈ ਪਰ ਜੇਕਰ ਕੋਈ ਸਿੱਧੇ ਰੂਪ ਵਿਚ ਹੀ ਕਿਸੇ ਦੀ ਜਾਨ ਬਚਾ ਕੇ ਜੀਵਨ ਦਾਨ ਦਾ ਪੁੰਨ ਕਮਾ ਲਵੇ ਤਾਂ ਉਹ ਕਿਸੇ ਦੇ ਲਈ ਫਰਿਸ਼ਤਾ ਹੋ ਸਕਦਾ ਹੈ। ਇਕ ਅਜਿਹੀ ਹੀ ਘਟਨਾ ਦੇ ਵਿਚ ਪੰਜਾਬੀ ਨੌਜਵਾਨ ਸੰਦੀਪ ਸਿੰਘ ਗਿੱਲ ਪਿੰਡ ਡਾਂਗੀਆਂ ਨੇ ਬੀਤੇ ਦਿਨੀਂ ਇਕ ਔਰਤ ਦੀ ਜਾਨ ਬਚਾ ਲਈ ਜੋ ਕਿ ਚੰਦ ਸਕਿੰਟਾਂ ਦੇ ਵਿਚ ਆਤਮ ਹੱਤਿਆ ਰਾਹੀਂ ਮੌਤ ਨੂੰ ਗਲੇ ਲਗਾਉਣ ਜਾ ਰਹੀ ਸੀ। ਇਹ ਨੌਜਵਾਨ ਬੀਤੇ ਦਿਨੀਂ ਆਪਣੇ ਕੰਮ ਤੋਂ ਵਾਪਿਸ ਘਰ ਪਰਤ ਰਿਹਾ ਸੀ, ਸਮਾਂ ਰਾਤ 2.45 ਦੇ ਕਰੀਬ ਸੀ। ਈਸਟ ਟਮਾਕੀ ਮੋਟਰਵੇਅ ਬ੍ਰਿਜ ਉਤੋਂ ਜਦੋਂ ਇਹ ਨੌਜਵਾਨ ਆਪਣੀ ਕਾਰ ਵਿਚ ਲੰਘਿਆ ਤਾਂ ਇਕ ਔਰਤ ਪੁੱਲ ਉਤੇ ਸ਼ਰਾਬ ਪੀ ਰਹੀ ਸੀ। ਸ਼ਰਾਬਣ ਸਮਝ ਕੇ ਉਸਨੇ ਇਸਨੂੰ ਹਊ ਪਰ੍ਹੇ ਕਰ ਕੇ ਲੰਘਣ ਦਾ ਮੰਨ ਬਣਾਇਆ। ਪਰ ਜਦੋਂ ਉਸ ਤੋਂ ਅੱਗੇ ਲੰਘਣ ਹੀ ਲੱਗਾ ਸੀ ਤਾਂ ਉਸਦੀ ਨਜ਼ਰ ਪੈ ਗਈ ਕਿ ਉਹ ਪੁੱਲ ਦੇ ਉਤੋਂ ਦੀ ਛਾਲ ਮਾਰਨ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਨੌਜਵਾਨ ਨੇ ਤੁਰੰਤ ਆਪਣੀ ਕਾਰ ਰੋਕ ਕੇ ਉਸ ਨੂੰ ਬਚਾਉਣ ਦੀ ਕੋਸ਼ਿਸ ਕੀਤੀ ਤਾਂ ਉਸਨੇ ਬੀਅਰ ਦੀ ਬੋਤਲ ਇਸ ਵੱਲ੍ਹ ਵਗਾਹ ਮਾਰਨ ਦੀ ਕੋਸ਼ਿਸ਼ ਕੀਤੀ ਜੋ



ਕਿ ਉਸਦੇ ਹੱਥ ਵਿਚੋਂ ਛੁੱਟ ਗਈ। ਇਸ ਨੌਜਵਾਨ ਦਾ ਬਚਾਅ ਹੋ ਗਿਆ ਪਰ ਇਸਨੇ ਉਸ ਔਰਤ ਦੀ ਜਾਨ ਬਚਾਉਣ ਖਾਤਿਰ ਉਸ ਤੱਕ ਫਿਰ ਪਹੁੰਚ ਬਣਾਈ ਅਤੇ ਉਸਨੂੰ ਛਾਲ ਮਾਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਉਸ ਔਰਤ ਨੇ ਇਸ ਨੌਜਵਾਨ ਨੂੰ ਹੀ ਕੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ ਪਰ ਇਸ ਦੌਰਾਨ ਲੰਘਣ ਵਾਲੀ ਕੋਈ ਵੀ ਕਾਰ ਨਾ ਰੁਕੀ। ਇਹ ਨੌਜਵਾਨ ਸੜਕ ਉਤੇ ਲੋਕਾਂ ਨੂੰ ਆਵਾਜਾਂ ਮਾਰਨ ਲੱਗਾ ਕਿ ਕੋਈ ਮਦਦ ਕਰੇ, ਐਨੇ ਨੂੰ ਇਕ ਕਾਰ ਰੁਕੀ ਉਸਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ। ਇਸ ਤੋਂ ਬਾਅਦ ਦੋ ਕਾਰਾਂ ਹੋਰ ਰੁਕ ਗਈਆਂ ਤੇ ਮਦਦ ਵਾਸਤੇ ਆਏ। ਕੁਝ ਸਮੇ ਬਾਅਦ ਪੁਲਿਸ ਵੀ ਆ ਗਈ। ਸਾਰਾ ਕੁਝ ਜਦੋਂ ਉਸ ਔਰਤ ਨੂੰ ਸਮਝ ਪਿਆ ਤਾਂ ਉਸ ਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਇਸ ਮੁੰਡੇ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਜਿਸ ਤੋਂ ਬਾਅਦ ਸੰਦੀਪ ਦੀਆਂ ਅੱਖਾਂ ਵਿਚੋਂ ਵੀ ਹੰਝੂ ਟਪਕ ਤੁਰੇ। ਇਹ ਔਰਤ ਕੁਝ ਘਰੇਲੂ ਕਾਰਨਾ ਕਰਕੇ ਪ੍ਰੇਸ਼ਾਨ ਚੱਲ ਰਹੀ ਸੀ ਅਤੇ ਆਪਣੀ ਸਵਰਗੀ ਭੈਣ ਨੂੰ ਯਾਦ ਕਰ ਰਹੀ ਸੀ। ਪੁਲਿਸ ਨੇ ਸੰਦੀਪ ਸਿੰਘ ਗਿੱਲ ਦੇ ਸਾਹਸ ਦੀ ਕਦਰ ਕੀਤੀ ਹੈ ਅਤੇ ਇਕ ਪੰਜਾਬੀ ਪੁਲਿਸ ਅਫਸਰ ਰਹੇ ਨੌਜਵਾਨ ਨੇ ਵੀ ਪੁਲਿਸ ਨਾਲ ਇਸ ਘਟਨਾ ਸਬੰਧੀ ਰਾਬਤਾ ਬਣਾਇਆ ਹੈ ਤਾਂ ਕਿ ਇਸ ਤਰ੍ਹਾਂ ਦੇ ਮੌਕਿਆਂ ਉਤੇ ਕਿਸੇ ਦੀ ਜਾਨ ਬਚਾਉਣ ਵਾਲੇ ਨੂੰ ਪ੍ਰੋਤਸਾਹਿਤ ਕੀਤਾ ਜਾ ਸਕੇ।



ਜਪਾਨੀ ਪ੍ਰਧਾਨ ਮੰਤਰੀ ਬੋਧੀ ਭਿਖਸ਼ੂਆਂ ਨੂੰ ਮਿਲਦੇ ਹੋਏ। ਨਾਲ ਖੜ੍ਹੇ ਹਨ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ।

# ਭਖ਼ਦੇ ਲੋਕ ਮਸਲਿਆਂ ਨੂੰ ਮੁਖ਼ਾਤਬ ਹੋਏਗਾ: ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ–** ਗ਼ਦਰੀ ਬਾਬਿਆਂ ਦੇ 26ਵੇਂ ਮੇਲੇ ਦੀ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਮਹੱਤਵਪੂਰਣ ਰੂਪ ਰੇਖਾ ਉਲੀਕੀ ਗਈ। ਟਰੱਸਟ ਦੇ ਫੈਸਲਿਆਂ ਦੀ ਰੌਸ਼ਨੀ 'ਚ ਸਭਿਆਚਾਰਕ ਵਿੰਗ ਅਤੇ ਇਤਿਹਾਸ ਕਮੇਟੀ ਦੀਆਂ ਵੀ ਅੱਜ ਹੀ ਹੋਈਆਂ ਮੀਟਿੰਗਾਂ 'ਚ ਟਰੱਸਟ ਦੇ ਫੈਸਲਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਠੋਸ ਵਿਉਂਤਬੰਦੀ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਦੀ ਸ਼ੁਰੂਆਤ ਨਾਮਵਰ ਲੇਖਿਕਾ ਗੌਰੀ ਲੰਕੇਸ਼ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਿਤ ਕਰਨ ਨਾਲ ਹੋਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲੇ ਪ੍ਰੈਸ ਨਾਲ ਸਾਂਝੇ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੇਲੇ ਦਾ ਆਗਾਜ਼ 30 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾਂ ਰੌਸ਼ਨ ਕਰਨ ਨਾਲ ਹੋਏਗਾ।

ਇਸ ਉਪਰੰਤ ਲੜਕੇ ਅਤੇ ਲੜਕੀਆਂ "ਔਰਤ ਦੀ ਸੁਰੱਖਿਆ ਅਤੇ ਸਮਾਜ ਦੀ ਮਨੋਦਸ਼ਾ'' ਵਿਸ਼ੇ ਉਪਰ ਭਾਸ਼ਣ ਮੁਕਾਬਲੇ ਵਿੱਚ ਅਤੇ ਨਾਲ ਦੀ ਨਾਲ ਹੀ ਅਗਾਂਹਵਧੂ, ਸਮਾਜਕ ਸਰੋਕਾਰਾਂ ਨਾਲ ਜੁੜੇ ਇਨਕਲਾਬੀ ਗੀਤ-ਸੰਗੀਤ ਮੁਕਾਬਲੇ ਵਿੱਚ ਭਾਗ ਲੈਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਹਰਵਿੰਦਰ ਭੰਡਾਲ ਦੁਆਰਾ ਲਿਖੀ ਪੁਸਤਕ "ਰੂਸੀ ਕਰਾਂਤੀ ਅਤੇ ਭਾਰਤ ਦਾ ਸੁਤੰਤਰਤਾ ਸੰਗਰਾਮ'' ਉਪਰ 31 ਅਕਤੂਬਰ ਨੂੰ ਕੁਇਜ਼ ਮੁਕਾਬਲਾ ਹੋਏਗਾ। ਇਸ ਰੋਜ਼ ਹੀ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਲੜਕੀਆਂ/ ਲੜਕਿਆਂ ਦੇ ਗਰੁੱਪ ਚਿੱਤਰਕਲਾ ਮੁਕਾਬਲੇ 'ਚ ਭਾਗ ਲੈਣਗੇ। ਇਸ ਰੋਜ਼ ਦੁਪਹਿਰੇ,"ਵਿਗਿਆਨਕ ਵਿਚਾਰ: ਨੌਜਵਾਨਾਂ ਦੀ ਜ਼ਿੰਦਗੀ ਦਾ ਮਾਰਗ-ਦਰਸ਼ਕ'' ਵਿਸ਼ੇ ਉਪਰ ਇਨਾਮ-ਸਨਮਾਨ ਵੰਡ ਸਮਾਰੋਹ ਵੇਲੇ ਵਿਚਾਰ ਸਾਂਝੇ ਹੋਣਗੇ। 31 ਅਕਤੂਰ ਹੀ ਸ਼ਾਮ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਉਪਰ ਕਵੀ ਦਰਬਾਰ ਹੋਏਗਾ ਜਿਸ ਲਾਅਨ ਵਿੱਚ ਮੇਲਾ ਰੂਪੀ ਪੁਸਤਕ ਪ੍ਰਦਰਸ਼ਨੀ ਵੀ ਤਿੰਨੇ ਦਿਨ ਲੱਗੀ ਰਹੇਗੀ। 30 ਅਤੇ 31 ਅਕਤੂਬਰ ਦੀ ਸ਼ਾਮ ਵੱਖ-ਵੱਖ ਟੀਮਾਂ ਵੱਲੋਂ ਨੁੱਕੜ ਨਾਟਕ, ਕੋਰਿਓਗਰਾਫ਼ੀਆਂ ਅਤੇ ਫ਼ਿਲਮ ਸ਼ੋਅ (ਪੇਸ਼ਕਸ਼ ਪੀਪਲਜ਼ ਵਾਇਸ) ਹੋਏਗਾ। ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ ਅਦਾ ਕਰਨਗੇ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ 'ਜੀ ਆਇਆਂ ਨੂੰ' ਕਹਿਣਗੇ।

# ਮਾਤਾ ਅਵਤਾਰ ਕੌਰ ਬਾਸੀ ਦੇ ਅਕਾਲ ਚਲਾਣੇ 'ਤੇ ਕਰਮਨ ਦੇ ਬਾਸੀ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਮਾਤਾ ਅਵਤਾਰ ਕੌਰ ਬਾਸੀ (ਪਤਨੀ ਸ. ਤਰਸੇਮ ਸਿੰਘ ਬਾਸੀ ਨਿਵਾਸੀ ਕਰਮਨ, ਕੈਲੀਫੋਰਨੀਆਂ (ਪਿਛਲਾ ਪਿੰਡ ਬੁੰਡਾਲਾ, ਜਿਲ੍ਹਾ ਜਲੰਧਰ) ਬੀਤੇ ਦਿਨੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ।




ਉਹ 71 ਸਾਲਾ ਦੇ ਸਨ। ਪਿਛਲੇ 14 ਸਾਲਾ ਤੋਂ ਉਹ ਅਮਰੀਕਾ ਵਿਖੇ ਆਪਣੇ ਪੁੱਤਰਾਂ ਕੋਲ ਰਹਿ ਰਹੇ ਸਨ। ਉਨ੍ਹਾਂ ਦੇ ਦੋ ਪੁੱਤਰ ਅਮਰੀਕਾ, ਇਕ ਪੁੱਤਰ ਅਤੇ ਧੀ ਇੰਗਲੈਂਡ ਵਿੱਚ ਰਹਿ ਰਹੇ ਹਨ। ਉਹ ਆਪਣੇ ਚੰਗੇ ਸੁਭਾਅ ਅਤੇ ਭਾਈਚਾਰਕ ਸੇਵਾਵਾਂ ਕਰਕੇ ਸਮੁੱਚੇ ਭਾਈਚਾਰੇ ਵਿੱਚ ਬਹੁਤ ਸਤਿਕਾਰੇ ਜਾਂਦੇ ਸਨ। ਉਨ੍ਹਾਂ ਦੀਆਂ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ "ਟੈਕੂਲਰ ਫਿਊਨਲ ਹੋਮ" ਵਿਖੇ ਮਿਤੀ 24 ਸਤੰਬਰ, 2017 ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਬਾਅਦ 1 ਵਜੇ ਤੱਕ ਹੋਵੇਗਾ। ਜਿਸ ਦਾ ਪਤਾ: 475 North Broadway Fresno, CA 93701 ਇਸ ਉਪਰੰਤ ਅੰਤਮ ਅਰਦਾਸ ਦੀਆਂ ਰਸ਼ਮਾਂ "ਗੁਰਦੁਆਰਾ ਅਨੰਦਗੜ ਸਾਹਿਬ" ਕਰਮਨ ਵਿਖੇ ਹੋਣਗੀਆਂ। ਜਿਸ ਦਾ ਪਤਾ: 680 S. Vineland Ave., Kerman, California 93630 ਸਮੂਹ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਕਮਲਜੀਤ ਸਿੰਘ ਬਾਸੀ (559) 579-7032 ਜਾਂ ਸਰਬਜੀਤ ਸਿੰਘ ਬਾਸੀ (559) 755-4075 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

Sri Guru Ravidass Temple Pittsburg, California's monthly programs

Devoted families are requesting entire Sangat to attend the following functions:

September 24, 2017 Sukhmani Sahib Path and Langar Sewa - Open

October 6-7-8, 2017 77th Barsi of Hazoor Shri Nabh Kanwal Raja Sahib

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib " on the occasion of his 77th Barsi. The Akhand Path will start at 10:00 AM on Friday, October 6 and conclude on Sunday, October 8, 2017. Prominent Kirtani Jathas are also coming to delight SANGAT with their melodious KIRTAN. Entire Sangat is requested to participate in the Barsi of Raja Sahib Ji. May Akal Purakh shower HIS blessings on his devotees.

October 19, 2017 (Thursday)
Diwali Celebrations
Diwali will be celebrated in Gurughar like previous years.
Sukhmani Sahib Path will start at 6:00 PM.
After, Sukhmani Sahib Path and Kirtan; Prasad, sweets and GURU KA LANGAR will be served.
*Please bring a candle to light that day.*
www.sriguruavidasstemple.com

Sangat Sewadars | Chairman Ramesh Suman | President Kashmiri Bhatia | General Secretary Dilbag Singh | Treasurer Vinod Kumar

# ਸੈਂਕੜੇ ਸੇਜਲ ਅੱਖਾਂ ਨੇ ਦਿੱਤੀ ਮਾਸਟਰ ਦੀਪਕ ਨੂੰ ਅੰਤਿਮ ਵਿਦਾਇਗੀ ਭਾਈਚਾਰੇ ਦੇ ਆਗੂਆਂ ਨੇ ਕੀਤੇ ਸ਼ਰਧਾ ਦੇ ਫੁੱਲ ਭੇਂਟ


ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਮਾਸਟਰ ਦੀਪਕ ਦੇ ਪਿਤਾ ਸ੍ਰੀ ਲਛਮਣ ਦਾਸ, ਰਾਜ ਭਨੋਟ, ਮਿੱਕੀ ਸਰਾਂ, ਅਸ਼ਵਨੀ ਭਾਖੜੀ, ਅਸ਼ੋਕ ਭੌਰਾ, ਆਸ਼ਾ ਸ਼ਰਮਾ, ਅਵਤਾਰ ਲਾਖਾ ਅਤੇ ਹੇਠਾਂ ਸ਼ਰਧਾਂਜਲੀ ਸਮਾਂਗ ਵਿਚ ਇਕੱਠੇ ਹੋਏ ਭਾਈਚਾਰੇ ਦੇ ਲੋਕ।

**ਯੂਨੀਅਨ ਸਿਟੀ/ ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)–** ਲੰਘੀ ਪੰਜ ਸਤੰਬਰ ਨੂੰ ਫਰਿਜ਼ਨੋਂ ਲਾਗੇ ਹੋਈ ਇਕ ਦਰਦਨਾਕ ਦੁਰਘਟਨਾ 'ਚ ਮਾਰੇ ਗਏ ਪੰਜ ਪੰਜਾਬੀਆਂ 'ਚੋਂ ਜੋਤਿਸ਼ ਵਿਗਿਆਨੀ ਮਾਸਟਰ ਦੀਪਕ ਹੁਰਾਂ ਦੀਆਂ ਅੰਤਿਮ ਰਸਮਾਂ ਇੱਥੇ ਚੈਪਲ ਆਫ ਚਾਈਮਜ਼ ਮਿਸ਼ਨ ਬੁਲੇਵਾਰਡ 'ਚ ਕੀਤੀਆਂ ਗਈਆਂ। ਉਨ੍ਹਾਂ ਦੀ ਮ੍ਰਿਤਕ ਦੇਹ ਦੀ ਚਿਖਾ ਨੂੰ ਗੜ੍ਹਸ਼ੰਕਰ (ਪੰਜਾਬ) ਤੋਂ ਉਚੇਚੇ ਤੌਰ 'ਤੇ ਪੁੱਜੇ ਉਨ੍ਹਾਂ ਦੇ ਪਿਤਾ ਸ੍ਰੀ ਲਛਮਣ ਦਾਸ ਨੇ ਅਗਨੀ ਵਿਖਾਈ। ਇਸ ਤੋਂ ਪਹਿਲਾਂ ਵੱਡੀ ਗਿਣਤੀ 'ਚ ਆਏ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਸ਼ਵ ਯਾਤਰਾ ਵਿਚ ਸ਼ਿਰਕਤ ਕੀਤੀ। ਸ਼ਰਧਾਂਜਲੀ ਸਮਾਗਮ ਮੌਕੇ ਉਨ੍ਹਾਂ ਦੇ ਕਰੀਬੀ ਰਹੇ ਅਟਾਰਨੀ ਅਸ਼ਵਨੀ ਭਾਖੜੀ ਨੇ ਕਿਹਾ ਕਿ ਮਾਸਟਰ ਦੀਪਕ ਮੇਰਾ ਛੋਟਾ ਭਰਾ ਸੀ ਤੇ ਪਿਛਲੇ ਕਰੀਬ ਬਾਰਾਂ ਸਾਲਾਂ ਤੋਂ ਉਹ ਇਸ ਭਰਾਵਾਂ ਵਰਗੀ ਸਾਂਝ ਨੂੰ ਕਾਇਮ ਰੱਖਣ ਵਿਚ ਕਾਮਯਾਬ ਵੀ ਹੋਏ ਸਨ। ਪੰਜਾਬੀ ਭਾਈਚਾਰੇ ਦੀ ਹੀ ਇਕ ਹੋਰ ਨਾਮੀ ਸਖਸ਼ੀਅਤ ਰਾਜ ਭਨੋਟ ਨੇ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਮਾਸਟਰ ਦੀਪਕ ਸਾਡਾ ਪਰਿਵਾਰਕ ਮੈਂਬਰ ਸੀ ਅਤੇ ਸਾਡੇ ਲਈ ਉਹ ਪੁੱਤਰਾਂ ਵਾਂਗ ਸੀ ਅਤੇ ਉਸਦਾ ਤੁਰ ਜਾਣਾ ਸਾਡੇ ਲਈ ਅਸਹਿ ਹੈ। ਉੱਘੇ ਪੱਤਰਕਾਰ ਤੇ ਲੇਖਕ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਬਾਪ ਲਈ ਸਭ ਤੋਂ ਵੱਡਾ ਦਰਦ ਪੁੱਤਰ ਦੀ ਅਰਥੀ ਨੂੰ ਮੋਢਾ ਦੇਣਾ ਹੁੰਦਾ ਹੈ ਤੇ ਜਵਾਨ ਪੁੱਤ ਦੀ ਮੌਤ ਇਸ ਕਰਕੇ ਵੀ ਦੁਖਦਾਈ ਹੁੰਦੀ ਹੈ ਕਿ ਜਦੋਂ ਭਾਵਨਾਵਾਂ ਦੀ ਤਲੀ ਤੇ ਆਸਾਂ ਦੇ ਦੀਵੇ ਜਗਣੇ ਹੁੰਦੇ ਸ਼ੁਰੂ ਹੁੰਦੇ ਹਨ ਉਦੋਂ ਮੌਤ ਦਾ ਤੂਫਾਨ ਚੜ੍ਹ ਆਉਂਦਾ ਹੈ। ਆਪਣੇ ਪੁੱਤਰ ਦੇ ਤੁਰ ਜਾਣ ਤੇ ਸਿੱਲੀਆਂ ਅੱਖਾਂ ਨਾਲ ਪਿਤਾ ਲਛਮਣ ਦਾਸ ਨੇ ਕਿਹਾ ਕਿ ਮਾਸਟਰ ਦੀਪਕ ਗੜ੍ਹਸ਼ੰਕਰ ਦਾ ਹੀਰਾ ਪੁੱਤ ਸੀ ਤੇ ਉਸ ਦੀਆਂ ਸਮਾਜਿਕ ਸੇਵਾਵਾਂ ਬਦਲੇ ਉਸਨੂੰ ਭਾਈਚਾਰਕ ਤੌਰ ਤੇ ਬਹੁਤ ਵਡਿਆਇਆ ਤੇ ਸਲਾਹਿਆ ਜਾਂਦਾ ਸੀ। ਪੰਜਾਬ ਕਲਚਰਲ ਐਸੋਸੀਏਸ਼ਨ ਦੇ ਮਿੱਕੀ ਸਰਾਂ ਨੇ ਕਿਹਾ ਕਿ ਬੇ-ਏਰੀਆ ਦੀਆਂ ਸੱਭਿਆਚਾਰਕ ਗਤੀ ਵਿਧੀਆਂ ਨੂੰ ਮਾਸਟਰ ਦੇ ਦੀਪਕ ਦੇ ਤੁਰ ਜਾਣ ਨਾਲ ਬਹੁਤ ਵੱਡਾ ਝਟਕਾ ਲੱਗਾ ਹੈ। ਬੀਬੀ ਆਸ਼ਾ ਸ਼ਰਮਾ ਨੇ ਵੀ ਆਪਣੇ ਸ਼ਰਧਾਂਜਲੀ ਸ਼ਬਦਾਂ ਵਿਚ ਮਾਸਟਰ ਦੀਪਕ ਦੀ ਮੌਤ ਨੂੰ ਸਮੁੱਚੇ ਭਾਈਚਾਰੇ ਲਈ ਗਹਿਰਾ ਸਦਮਾ ਦੱਸਿਆ। ਸ਼ਰਧਾਂਜਲੀ ਭੇਂਟ ਕਰਨ ਵਾਲੇ ਹੋਰਾਂ ਵਿਚ ਉੱਘੇ ਪ੍ਰਮੋਟਰ ਜੱਸੀ ਬੰਗਾ ਤੋਂ ਸਿਵਾ ਲੀਨਾ ਭਾਟੀਆ, ਪਰਮਜੀਤ ਕੌਰ, ਸਤੀਸ਼ ਕੁਮਾਰ, ਸੰਜੀਵ ਸਕਸੈਨਾ ਸਮੇਤ ਮਾਸਟਰ ਦੀਪਕ ਦੇ ਪਰਿਵਾਰਕ ਮੈਂਬਰ ਵੀ ਸ਼ਾਮਿਲ ਸਨ। ਪਰਿਵਾਰ ਨਾਲ ਨੇੜਤਾ ਰੱਖਣ ਵਾਲੇ ਅਤੇ ਇਨ੍ਹਾਂ ਰਸਮਾ ਨੂੰ ਪ੍ਰਮੁੱਖ ਰੂਪ ਵਿਚ ਇਕ ਵੱਡੇ ਦਰਦ ਨਾਲ ਸਾਰੀਆਂ ਰਸਮਾ ਨਿਭਾਉਣ ਵਾਲੇ ਅਵਤਾਰ ਲਾਖਾ ਨੇ ਵੀ ਮਾਸਟਰ ਦੀਪਕ ਨੂੰ ਹੰਝੂਆਂ ਭਰੀ ਵਿਦਾਇਗੀ ਦੇਂਦਿਆਂ ਕਿਹਾ ਕਿ ਉਨ੍ਹਾਂ ਦਾ ਵੱਡਾ ਭਰਾ ਹੋਣੀ ਨੇ ਬੇਵਕਤ ਹੀ ਖੋਹ ਲਿਆ ਹੈ। ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਹੇਵਰਡ ਵਿਖੇ ਹੋਈ ਅਤੇ ਇਨ੍ਹਾਂ ਪੰਜਾਂ ਦਾ ਭਰ ਜੋਬਨ ਵਿਚ ਤੁਰ ਜਾਣਾ ਸਮੁੱਚੇ ਭਾਈਚਾਰੇ ਦੀਆਂ ਸਿੱਲ੍ਹੀਆਂ ਅੱਖਾਂ ਦਰਦ ਦੀ ਪੀੜ੍ਹਾ ਨੂੰ ਆਪਣੇ ਆਪ ਬਿਆਨ ਕਰ ਰਹੀਆਂ ਸਨ।

# "ਆਪਣਾ ਪੰਜਾਬ" ਮੀਡੀਆ ਵਲੋਂ 13ਵੀ ਵਰ੍ਹੇਗੰਢ ਦੌਰਾਨ ਸੰਪਾਦਕ ਗੁਰਮੀਤ ਸਿੰਘ ਦਾ ਕਈ ਸਰਕਾਰੀ ਵਿਭਾਗਾਂ ਵਲੋਂ ਸਨਮਾਨ



**ਨਿਊਯਾਰਕ (ਹੁਸਨ ਲੜੋਆ ਬੰਗਾ):** ਆਪਣਾ ਪੰਜਾਬ ਮੀਡੀਆ ਵੱਲੋਂ ਆਪਣੀ 13ਵੀਂ ਵਰ੍ਹੇਗੰਢ ਬਹੁਤ ਹੀ ਸ਼ਾਨਦਾਰ ਅਤੇ ਸਫਲਤਾ ਪੂਰਵਕ ਮਨਾਈ ਗਈ। ਇਹ ਸਮਾਰੋਹ ਰਿਚੀਰਿਚ ਪੈਲਸ ਰਿਚਮੰਡ ਹਿਲ ਨਿਊਯਾਰਕ ਵਿਖੇ ਬੀਤੇ ਦਿਨੀਂ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਉਚ ਸ਼ਖਸੀਅਤਾਂ ਪਹੁੰਚੀਆਂ। ਇਸ ਮੌਕੇ ਆਪਣਾ ਪੰਜਾਬ ਵੱਲੋਂ ਇਲੈਕਟ੍ਰਾਨਿਕਸ ਮੀਡੀਆ ਦੇ ਖੇਤਰ ਵਿਚ ਸਥਾਪਤੀ ਕਰਦਿਆਂ ਆਪਣਾ ਪੰਜਾਬ ਐਨ. ਆਰ. ਆਈ. ਟੀ. ਵੀ. ਦੀ ਲਾਂਚਿੰਗ ਕੀਤੀ ਗਈ। ਪਾਰਟੀ ਹਾਲ ਵਿਚ ਬਕਾਇਦਾ ਵੱਡੀ ਸਕਰੀਨ 'ਤ ਆਏ ਸੱਜਣਾਂ ਨੂੰ ਆਪਣਾ ਪੰਜਾਬ ਐਨ. ਆਰ. ਆਈ. ਟੀ. ਵੀ. ਦੇ ਲਾਈਵ ਪ੍ਰੋਗਰਾਮ ਦਿਖਾਏ ਗਏ।

ਵੱਖ-ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿਚ ਜਿੱਥੇ ਆਪਣਾ ਪੰਜਾਬ ਦੇ ਸੀ. ਈ. ਓ. ਅਤੇ ਪ੍ਰੈਜ਼ੀਡੈਂਟ ਗੁਰਮੀਤ ਸਿੰਘ ਆਪਣਾ ਪੰਜਾਬ ਨੂੰ ਵਧਾਈਆਂ ਦਿੱਤੀਆਂ, ਉਥੇ ਉਹਨਾਂ ਦੀ ਸਮਾਜ ਸੇਵਾ ਅਤੇ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਬੋਬੀ ਕੁਮਾਰ ਵੱਲੋਂ ਗੁਰਮੀਤ ਸਿੰਘ ਆਪਣਾ ਪੰਜਾਬ ਨੂੰ ਵੱਖ ਵੱਖ ਸਰਕਾਰੀ ਵਿਭਾਗਾਂ ਵੱਲੋਂ ਦਿੱਤੇ ਗਏ ਸਨਮਾਨ ਪੱਤਰ ਅਤੇ ਸਨਮਾਨ ਸਮਾਰੋਹ ਦੇ ਸੱਦਾ ਪੱਤਰ ਵੀ ਭਾਈਚਾਰੇ ਦੇ ਇਕੱਠ ਨੂੰ ਸੌਂਪੇ ਗਏ।

ਇਹਨਾਂ ਵਿਚ ਮੁੱਖ ਤੌਰ 'ਤੇ ਟਾਊਨ ਆਫ ਓਸਟਰ ਬੇਅ ਨਿਊਯਾਰਕ, ਟਾਊਨ ਆਫ ਨੌਰਕ ਹੈਂਪਸਟਿਡ, ਆਫਿਸ ਆਫ ਦਾ ਐਗਜ਼ੀਕਿਊਟਿਵ ਨਿਊਯਾਂਰਕ ਤੇ ਇਸ ਦੇ ਨਾਲ ਹੀ ਫਰੈਂਡਜ਼ ਫਾਰ ਗੁਡ ਹੈਲਥ, ਮੋਂਟੇ ਸੌਰੀ ਮਾਡਲ ਯੂਨਾਈਟਿਡ ਨੇਸ਼ਨਜ਼, ਆਲ ਅਮਰੀਕਨ ਪੋਲੀਟਿਕਲ ਪਾਰਟੀ ਯੂ. ਐਸ. ਏ. ਦਾ ਜੈਕ ਬਿਰੇਵਰ ਫਾਊਂਡੇਸ਼ਨ ਦਾ ਸਾਂਝਾ ਸਨਮਾਨ ਪੱਤਰ ਵੀ ਸ਼ਾਮਲ ਹੈ।

ਬੋਬੀ ਕੁਮਾਰ ਨੇ ਦੱਸਿਆ ਕਿ ਇਹਨਾਂ ਸਰਕਾਰੀ ਵਿਭਾਗਾਂ ਵੱਲੋਂ ਇਹ ਸਨਮਾਨ ਗੁਰਮੀਤ ਸਿੰਘ ਆਪਣਾ ਪੰਜਾਬ ਨੂੰ ਉਹਨਾਂ ਦੀਆਂ ਸਾਰਥਕ ਸੋਚ ਅਤੇ ਜ਼ਿੰਮੇਵਾਰ ਪੱਤਰਕਾਰੀ ਲਈ ਦਿੱਤੇ ਗਏ ਹਨ। ਇਹ ਸਨਮਾਨ ਪੱਤਰ ਉਹਨਾਂ ਦੇ ਕੰਮਾਂ ਨੂੰ ਮਾਨਤਾ ਦਿੰਦੇ ਹਨ ਸਮਾਰੋਹ ਵਿਚ ਵੱਖ ਵੱਖ ਧਾਰਮਿਕ, ਸਮਾਜਿਕ, ਸਿਆਸੀ ਅਤੇ ਭਲਾਈ ਸੁਸਾਇਟੀਆਂ ਤੇ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ, ਜਿਹਨਾਂ ਵਿਚ ਸਿੱਖ ਕਲਚਰਲ ਸੁਸਾਇਟੀ ਤੋਂ ਗੁਰਮੀਤ ਸਿੰਘ ਕੰਗ, ਪ੍ਰਧਾਨ ਕੁਲਦੀਪ ਸਿੰਘ ਢਿੱਲੋਂ, ਜਰਨੈਲ ਸਿੰਘ ਸੰਧੂ, ਮੁਖਤਿਆਰ ਸਿੰਘ ਗਰੇਵਾਲ, ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲੇ, ਗੁਰੂ ਘਰ ਤੋਂ ਪ੍ਰਿਤਪਾਲ ਸਿੰਘ ਪਿੱਤਾ, ਅਮਰੀਕ ਸਿੰਘ ਪਿਹੋਵਾ, ਆਈ. ਐਨ. ਓ. ਸੀ., ਯੂ. ਐਸ. ਏ. ਤੋਂ ਸ਼ੁੱਧ ਪ੍ਰਕਾਸ਼, ਪੰਜਾਬ ਚੈਪਟਰ ਤੋਂ ਗੁਰਮੀਤ ਗਿੱਲ, ਹਰਿਆਣਾ ਚੈਪਟਰ ਤੋਂ ਚਰਨ ਸਿੰਘ ਪ੍ਰੇਮਪੁਰਾ, ਅਮਰ ਸਿੰਘ ਗੁਲਸ਼ਨ, ਤਾਰਾ ਸਿੰਘ ਆਹਲੂਵਾਲੀਆ, ਲਖਵਿੰਦਰ ਸਿੰਘ, ਰਵੇਲ ਸਿੰਘ, ਪਰਮਜੀਤ ਕੋਹਲੀ, ਮਨਮੋਹਨ ਮਿਆਣੀ, ਅਮਰਜੀਤ ਬੱਲ, ਅਮਰਜੀਤ ਲਾਂਬਾ, ਜੋਗਿੰਦਰ ਸਿੰਘ ਨਰੂੜ ਅਤੇ ਉਹਨਾਂ ਦੇ ਸਾਥੀ ਤੇ ਹੋਰ ਸ਼ਖ਼ਸੀਅਤਾਂ ਪੁੱਜੀਆਂ ਸਨ।

# ਰੋਹਿੰਗਿਆ ਸ਼ਰਨਾਰਥੀਆਂ ਦੇ ਟਿਕੇ ਰਹਿਣ ਨਾਲ ਭਾਰਤ ਦੀ ਸੁਰੱਖਿਆ ਨੂੰ ਗੰਭੀਰ ਖ਼ਤਰਾ

**ਨਵੀਂ ਦਿੱਲੀ–** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਰੋਹਿੰਗਿਆ ਮੁਸਲਮਾਨ ਗ਼ੈਰ-ਕਾਨੂੰਨੀ ਪਰਵਾਸੀ ਹਨ ਅਤੇ ਉਨ੍ਹਾਂ ਦੇ ਟਿਕੇ ਰਹਿਣ ਨਾਲ ਮੁਲਕ ਦੀ ਸੁਰੱਖਿਆ ਨੂੰ ਗੰਭੀਰ ਖ਼ਤਰਾ ਖੜ੍ਹਾ ਹੋ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸੁਪਰੀਮ ਕੋਰਟ ਰਜਿਸਟਰੀ ਕੋਲ ਦਾਖ਼ਲ ਕੀਤੇ ਗਏ ਹਲਫ਼ਨਾਮੇ 'ਚ ਕਿਹਾ ਗਿਆ ਹੈ ਕਿ ਮੁਲਕ ਦੇ ਨਾਗਰਿਕਾਂ ਨੂੰ ਹੀ ਕਿਸੇ ਹਿੱਸੇ 'ਚ ਠਹਿਰਣ ਤੇ ਉਥੇ ਵਸਣ ਦਾ ਬੁਨਿਆਦੀ ਹੱਕ ਹੈ ਅਤੇ ਗ਼ੈਰ-ਕਾਨੂੰਨੀ ਸ਼ਰਨਾਰਥੀ ਇਹ ਹੱਕ ਲੈਣ ਲਈ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਦਾ ਹਵਾਲਾ ਨਹੀਂ ਦੇ ਸਕਦੇ। ਇਸ ਤੋਂ ਪਹਿਲਾਂ ਸਵੇਰੇ ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੀ ਬੈਂਚ ਨੂੰ ਕੇਂਦਰ ਵੱਲੋਂ ਪੇਸ਼ ਹੋਏ ਏਐਸਜੀ ਤੁਸ਼ਾਰ ਮਹਿਤਾ ਨੇ ਦੱਸਿਆ ਕਿ ਕੇਂਦਰ ਵੱਲੋਂ ਜਵਾਬ ਦਾਖ਼ਲ ਕੀਤਾ ਜਾਵੇਗਾ। ਬੈਂਚ ਨੇ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁਲਕ 'ਚੋਂ ਕੱਢੇ ਜਾਣ ਖ਼ਿਲਾਫ਼ ਪਾਈ ਪਟੀਸ਼ਨ 'ਤੇ ਸੁਣਵਾਈ 3 ਅਕਤੂਬਰ ਲਈ ਨਿਰਧਾਰਤ ਕਰ ਦਿੱਤੀ ਹੈ।

ਸਰਕਾਰ ਨੇ ਕਿਹਾ ਕਿ ਉਹ ਸੁਰੱਖਿਆ ਨੂੰ ਖ਼ਤਰੇ ਅਤੇ ਵੱਖ ਵੱਖ ਏਜੰਸੀਆਂ ਵੱਲੋਂ ਇਕੱਤਰ ਕੀਤੀ ਗਈ ਜਾਣਕਾਰੀ ਦੇ ਵੇਰਵੇ ਸੀਲਬੰਦ ਲਿਫ਼ਾਫ਼ੇ 'ਚ ਦੇ ਸਕਦੀ ਹੈ। ਕੇਂਦਰ ਨੇ ਕਿਹਾ ਕਿ ਭਾਰਤ ਨੇ ਸ਼ਰਨਾਰਥੀਆਂ ਦੇ ਦਰਜੇ ਸਬੰਧੀ ਕਨਵੈਨਸ਼ਨ 1951 ਅਤੇ ਪ੍ਰੋਟੋਕੋਲ 1967 'ਤੇ ਕੋਈ ਦਸਤਖ਼ਤ ਨਹੀਂ ਕੀਤੇ ਹਨ ਜਿਸ ਕਾਰਨ ਭਾਰਤ ਉਨ੍ਹਾਂ ਨੂੰ ਮੁਲਕ 'ਚੋਂ ਜਬਰੀ ਭੇਜ ਸਕਦਾ ਹੈ। ਬੈਂਚ, ਜਿਸ 'ਚ ਜਸਟਿਸ ਏ ਐਮ ਖਾਨਵਿਲਕਰ ਅਤੇ ਡੀ ਵਾਈ ਚੰਦਰਚੂੜ ਵੀ ਸ਼ਾਮਲ ਹਨ, ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਸ ਮੁੱਦੇ 'ਤੇ ਕੋਈ ਨੋਟਿਸ ਨਹੀਂ ਭੇਜਿਆ ਹੈ।


ਦੋ ਰੋਹਿੰਗਿਆ ਪਰਵਾਸੀਆਂ ਮੁਹੰਮਦ ਸਲੀਮਉਲ੍ਹਾ ਅਤੇ ਮੁਹੰਮਦ ਸ਼ਾਕਿਰ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਮਿਆਂਮਾਰ 'ਚ ਧੱਕੇਸ਼ਾਹੀ, ਹਿੰਸਾ ਅਤੇ ਖ਼ੂਨ-ਖ਼ਰਾਬੇ ਕਾਰਨ ਭਾਰਤ 'ਚ ਪਨਾਹ ਲਈ ਹੈ ਅਤੇ ਉਹ ਸੰਯੁਕਤ ਰਾਸ਼ਟਰ ਸ਼ਰਨਾਰਥੀਆਂ ਬਾਰੇ ਹਾਈ ਕਮਿਸ਼ਨ ਦੇ ਰਜਿਸਟਰਡ ਸ਼ਰਨਾਰਥੀ ਹਨ।

ਇਸ ਦੌਰਾਨ ਦਿੱਲੀ ਸਮੇਤ ਹੋਰ ਥਾਵਾਂ 'ਤੇ ਠਹਿਰੇ ਹੋਏ ਰੋਹਿੰਗਿਆ ਮੁਸਲਮਾਨਾਂ ਨੇ ਕਿਹਾ ਹੈ ਕਿ ਉਹ ਮੁਲਕ ਨਹੀਂ ਪਰਤਣਾ ਚਾਹੁੰਦੇ ਹਨ।

ਬੱਚਿਆਂ ਸਮੇਤ ਨੌਜਵਾਨ ਅਤੇ ਬਜ਼ੁਰਗ ਇਥੇ ਹੀ ਰੁਕੇ ਹੋਏ ਹਨ ਅਤੇ ਉਹ ਖੁਸ਼ ਹਨ ਕਿ ਮਿਆਂਮਾਰ 'ਚ ਕਤਲੋਗਾਰਤ ਤੋਂ ਦੂਰ ਹਨ। ਬੰਗਲਾਦੇਸ਼ 'ਚ ਹਾਥੀਆਂ ਵੱਲੋਂ ਦੋ ਸ਼ਰਨਾਰਥੀ ਹਲਾਕ: ਬੰਗਲਾਦੇਸ਼ 'ਚ ਕੋਕਸ ਬਾਜ਼ਾਰ ਜ਼ਿਲ੍ਹੇ ਦੇ ਕੁਟੁਪਲੋਂਗ ਕੈਂਪ ਦੇ ਬਾਹਰ ਜੰਗਲ ਨੇੜੇ ਤਰਪਾਲ ਹੇਠਾਂ ਸੁੱਤੇ ਪਏ ਦੋ ਬਜ਼ੁਰਗ ਰੋਹਿੰਗਿਆ ਸ਼ਰਨਾਰਥੀਆਂ ਨੂੰ ਹਾਥੀਆਂ ਨੇ ਦਰੜ ਦਿੱਤਾ। ਉਧਰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੀ ਸਭ ਤੋਂ ਵੱਡੀ ਮਸਜਿਦ 'ਚ 20 ਹਜ਼ਾਰ ਕੱਟੜ ਇਸਲਾਮੀਆਂ ਨੇ ਰੈਲੀ ਕਰਕੇ ਰੋਹਿੰਗਿਆ ਮੁਸਲਮਾਨਾਂ ਨੂੰ ਹਮਾਇਤ ਦਿੱਤੀ।

# ਸਿੱਕਮ ਸਰਕਾਰ ਨੂੰ ਗੁਰਦੁਆਰਿਆਂ ਦੀ ਸੰਭਾਲ ਦੀ ਹਦਾਇਤ

**ਨਵੀਂ ਦਿੱਲੀ–** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸਿੱਕਮ ਸਰਕਾਰ ਨੂੰ ਰਾਜ ਵਿਚਲੇ ਗੁਰਦੁਆਰਿਆਂ ਦੀ ਸੰਭਾਲ ਵਾਸਤੇ ਕਾਰਵਾਈ ਕਰਨ ਲਈ ਕਿਹਾ ਹੈ। ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੂੰ ਲਿਖੇ ਪੱਤਰ ਵਿਚ ਰਾਸ਼ਟਰਪਤੀ ਦੇ ਡਿਪਟੀ ਸਕੱਤਰ ਜੇ. ਜੀ. ਸੁਬਰਾਮਨੀਅਮ ਨੇ ਦੱਸਿਆ ਕਿ ਸਿੱਕਿਮ ਦੇ ਮੁੱਖ ਸਕੱਤਰ ਨੂੰ ਕਿਹਾ ਗਿਆ ਹੈ ਕਿ ਉਹ ਇਸ ਮਾਮਲੇ ਵੱਲ ਧਿਆਨ ਦੇਣ। ਉਨ੍ਹਾਂ ਕਿਹਾ ਕਿ ਸੂਬੇ ਵਿਚਲੇ ਗੁਰਦੁਆਰੇ ਇਤਿਹਾਸਕ ਹਨ ਤੇ ਗੁਰੂ ਨਾਨਕ ਪਾਤਸ਼ਾਹ ਨਾਲ ਸਬੰਧਤ ਹਨ। ਹਾਲ ਹੀ ਵਿੱਚ ਵਿਧਾਇਕ ਸਿਰਸਾ ਨੇ ਰਾਸ਼ਟਰਪਤੀ ਨਾਲ ਇਸ ਮਾਮਲੇ ਸਬੰਧੀ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਉਹ ਗੁਰਦੁਆਰਿਆਂ ਦੀ ਰਾਖੀ ਵਾਸਤੇ ਰਾਜ ਸਰਕਾਰ ਨੂੰ ਹਦਾਇਤਾਂ ਜਾਰੀ ਕਰਨ।



ਉਨ੍ਹਾਂ ਦੋਸ਼ ਲਾਇਆ ਸੀ ਕਿ ਸਥਾਨਕ ਅਧਿਕਾਰੀਆਂ ਦੀਆਂ ਕਾਰਵਾਈਆਂ ਕਾਰਨ ਗੁਰਦੁਆਰਿਆਂ ਦੀ ਹੋਂਦ ਨੂੰ ਖ਼ਤਰਾ ਬਣ ਗਿਆ ਹੈ। ਗੁਰਦੁਆਰਾ ਗੁਰੂ ਡਾਂਗਮਾਰ ਤੇ ਗੁਰਦੁਆਰਾ ਚੁੰਗਥਾਂਗ ਵੱਡੇ ਖਤਰੇ ਵਿੱਚ ਹਨ। ਸਥਾਨਕ ਅਧਿਕਾਰੀਆਂ ਨੇ ਗੁਰਦੁਆਰਾ ਚੁੰਗਥਾਂਗ ਦੀ ਮੈਨੇਜਮੈਂਟ ਨੂੰ ਨੋਟਿਸ ਜਾਰੀ ਕਰ ਕੇ ਗ਼ੈਰਕਾਨੂੰਨੀ ਉਸਾਰੀ ਅਤੇ ਕਬਜ਼ੇ ਦੇ ਦੋਸ਼ ਲਗਾਏ ਸਨ। ਪਹਿਲਾਂ ਗੁਰਦੁਆਰਾ ਗੁਰੂ ਡਾਂਗਮਾਰ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਉਥੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਹੋਰ ਧਾਰਮਿਕ ਪੁਸਤਕਾਂ ਅਤੇ ਸਾਮਾਨ ਨੂੰ ਬਾਹਰ ਕਰ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਕਾਰਨ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਹੈ।

# ਬੁਲੇਟ ਟਰੇਨ ਪ੍ਰਾਜੈਕਟ ਦਾ ਮੋਦੀ ਤੇ ਆਬੇ ਵੱਲੋਂ ਨੀਂਹ ਪੱਥਰ

**ਅਹਿਮਦਾਬਾਦ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਜਪਾਨੀ ਹਮਰੁਤਬਾ ਸ਼ਿੰਜ਼ੋ ਆਬੇ ਨੇ ਦੇਸ਼ ਦੇ ਪਹਿਲੇ ਬੁਲੇਟ ਟਰੇਨ ਪ੍ਰਾਜੈਕਟ ਦਾ ਨੀਂਹ ਪੱਥਰ ਰੱਖ ਕੇ ਦੇਸ਼ ਦੇ ਰੇਲ ਖੇਤਰ ਵਿੱਚ ਨਵੇਂ ਯੁੱਗ ਦਾ ਮੁੱਢ ਬੰਨ੍ਹਿਆ। ਇਸ ਪ੍ਰਾਜੈਕਟ ਤਹਿਤ ਦੇਸ਼ ਦੀ ਪਹਿਲੀ ਬੁਲੇਟ ਟਰੇਨ ਗੁਜਰਾਤ ਦੇ ਪ੍ਰਮੁੱਖ ਸ਼ਹਿਰ ਅਹਿਮਦਾਬਾਦ ਤੋਂ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ਵਿਚਕਾਰ ਚੱਲੇਗੀ।

ਇਸ ਤੋਂ ਪਹਿਲਾਂ ਇਥੇ ਦੋਵੇਂ ਪ੍ਰਧਾਨ ਮੰਤਰੀਆਂ ਨੇ ਵੱਖ-ਵੱਖ ਮੁੱਦਿਆਂ ਉਤੇ ਵਿਆਪਕ ਗੱਲਬਾਤ ਕੀਤੀ, ਜਿਸ ਦੌਰਾਨ ਡੋਕਲਾਮ ਦਾ ਮੁੱਦਾ ਵੀ ਉਠਿਆ। ਦੋਵੇਂ ਮੁਲਕਾਂ ਦਰਮਿਆਨ 15 ਸਮਝੌਤੇ ਵੀ ਸਹੀਬੰਦ ਕੀਤੇ ਗਏ। ਚੀਨ ਨੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਦੋਵਾਂ ਮੁਲਕਾਂ ਨੂੰ ਗੱਠਜੋੜ ਨਹੀਂ ਸਗੋਂ ਭਾਈਵਾਲੀ ਕਰਨੀ ਚਾਹੀਦੀ ਹੈ।

ਸ੍ਰੀ ਮੋਦੀ ਨੇ ਇਸ ਪ੍ਰਾਜੈਕਟ ਨੂੰ 'ਜਪਾਨ ਵੱਲੋਂ ਭਾਰਤ ਲਈ ਵੱਡੀ ਸੌਗਾਤ' ਕਰਾਰ ਦਿੱਤਾ। ਕਰੀਬ 1.10 ਲੱਖ ਕਰੋੜ ਰੁਪਏ ਦੀ ਲਾਗਤ ਵਾਲਾ ਇਹ ਪ੍ਰਾਜੈਕਟ ਕਰੀਬ ਪੰਜ ਸਾਲਾਂ ਵਿੱਚ 2022 ਤੱਕ ਮੁਕੰਮਲ ਹੋਣ ਦੇ ਆਸਾਰ ਹਨ, ਜਿਸ ਨਾਲ ਦੋਵਾਂ ਸ਼ਹਿਰਾਂ ਦਰਮਿਆਨ 500 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਸੱਤ ਘੰਟਿਆਂ ਤੋਂ ਘਟ ਕੇ ਮਹਿਜ਼ ਤਿੰਨ ਘੰਟੇ ਦਾ ਰਹਿ ਜਾਵੇਗਾ। ਇਸ ਸਬੰਧੀ ਸਾਬਰਮਤੀ ਸਥਿਤ ਅਥਲੈਟਿਕਸ ਸਟੇਡੀਅਮ ਵਿੱਚ ਹੋਈ ਜਨਤਕ ਇਕ-ੱਤਰਤਾ ਨੂੰ ਸੰਬੋਧਨ ਕਰਦਿਆਂ ਸ੍ਰੀ ਆਬੇ ਨੇ ਭਾਰਤ ਤੇ ਜਪਾਨ ਦੀ ਭਾਈਵਾਲੀ ਨੂੰ ਖ਼ਾਸ, ਰਣਨੀਤਕ ਤੇ ਆਲਮੀ ਕਰਾਰ ਦਿੱਤਾ। ਉਨ੍ਹਾਂ ਕਿਹਾ, "ਮਜ਼ਬੂਤ ਭਾਰਤ ਜਪਾਨ ਦੇ ਹਿੱਤ 'ਚ ਹੈ ਤੇ ਮਜ਼ਬੂਤ ਜਪਾਨ ਵੀ ਭਾਰਤ ਦੇ ਹਿੱਤ ਵਿੱਚ ਹੈ।" ਦੋਵੇਂ ਆਗੂਆਂ ਨੇ ਬਟਨ ਦਬਾ ਕੇ ਉਦਘਾਟਨੀ ਪੱਥਰ ਤੋਂ ਪਰਦਾ ਹਟਾਉਂਦਿਆਂ ਪ੍ਰਾਜੈਕਟ ਦਾ ਰਸਮੀ ਨੀਂਹ ਪੱਥਰ ਰੱਖਿਆ।

# ਅਜ਼ਾਦੀ ਸੰਗਰਾਮੀਏ ਸ. ਵੱਸਣ ਸਿੰਘ ਕਾਲੇਪਾਣੀ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

**ਬਟਾਲਾ (ਨਰਿੰਦਰ ਸਿੰਘ ਬਰਨਾਲ)–** ਸੁਤੰਤਰਤਾ ਸੈਲਾਨੀ ਸ. ਵੱਸਣ ਸਿੰਘ ਰੰਧਾਵਾ (ਕਾਲੇਪਾਣੀ) ਜੋ ਕਿ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਬੀਤੀ ਸ਼ਾਮ ਪ੍ਰਲੋਕ ਸਿਧਾਰ ਗਏ ਸਨ ਦਾ ਅੱਜ ਸਥਾਨਕ ਪੁਰੀਆਂ ਸ਼ਮਸ਼ਾਨਘਾਟ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸ. ਵੱਸਣ ਸਿੰਘ ਦੀ ਚਿਖਾ ਨੂੰ ਅਗਨੀ ਉਹਨਾਂ ਦੇ ਸਪੁੱਤਰ ਸਤਿੰਦਰਪਾਲ ਸਿੰਘ ਰੰਧਾਵਾ ਅਤੇ ਸੁਰਿੰਦਰਪਾਲ ਸਿੰਘ ਰੰਧਾਵਾ ਨੇ ਲਗਾਈ। 98 ਸਾਲਾ ਬਜ਼ੁਰਗ ਸੁਤੰਤਰਤਾ ਸੰਗਰਾਮੀ ਸਵਰਗਵਾਸੀ ਸ. ਵੱਸਣ ਸਿੰਘ ਕਾਲੇਪਾਣੀ ਆਪਣੇ ਪਿੱਛੇ ਆਪਣੀ ਪਤਨੀ ਗੁਰਬਚਨ ਕੌਰ, ਸੱਪੁਤਰ ਸਤਿੰਦਰਪਾਲ ਸਿੰਘ, ਸੁਰਿੰਦਰਪਾਲ ਸਿੰਘ, ਤਿੰਨ ਧੀਆਂ ਹਰਭਜਨ ਕੌਰ, ਮਹਿੰਦਰ ਕੌਰ ਅਤੇ ਅਮਰਜੀਤ ਕੌਰ ਛੱਡ ਗਏ ਹਨ।

ਇਸ ਤੋਂ ਪਹਿਲਾਂ ਸ਼ਮਸ਼ਾਨਘਾਟ ਵਿਖੇ ਪੰਜਾਬ ਸਰਕਾਰ ਵੱਲੋਂ ਤਹਿਸੀਲਦਾਰ ਬਟਾਲਾ ਸ. ਲਖਵਿੰਦਰ ਸਿੰਘ ਅਤੇ ਡੀ.ਐਸ.ਪੀ. ਸ. ਸੁੱਚਾ ਸਿੰਘ ਬੱਲ ਨੇ ਰੀਥ ਚੜਾ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੁਲਿਸ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਅਤੇ 2 ਮਿੰਟ ਦਾ ਮੋਨ ਧਾਰ ਕੇ ਸਲਾਮੀ ਭੇਟ ਕੀਤੀ। ਇਸ ਮੌਕੇ ਰਿਸ਼ਤੇਦਾਰਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸੰਸਥਾਵਾਂ ਨੇ ਨੁਮਾਇੰਦਿਆਂ ਨੇ ਵੀ ਸ. ਵੱਸਣ ਸਿੰਘ ਕਾਲੇਪਾਣੀ ਦੀ ਅੰਤਿਮ ਯਾਤਰਾ 'ਚ ਸ਼ਰੀਕ ਹੋ ਕੇ ਪਰਿਵਾਰ ਦਾ ਦੁੱਖ ਵੰਡਾਇਆ। ਸਾਬਕਾ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ, ਹਰਭਜਨ ਸਿੰਘ ਬਾਜਵਾ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਸੰਦੀਪ ਸਲਹੋਤਰਾ, ਰਾਕੇਸ਼ ਭਾਟੀਆ, ਸਵਿੰਦਰ ਸਿੰਘ ਭਾਗੋਵਾਲੀਆ, ਰੰਜਨ ਮਲਹੋਤਰਾ ਸਮਤੇ ਵੱਡੀ ਗਿਣਤੀ 'ਚ ਸ਼ਹਿਰ ਵਾਸੀਆਂ ਨੇ ਅਜ਼ਾਦੀ ਸੰਗਰਾਮ ਦੇ ਨਾਇਕ ਨੂੰ ਸੇਜ਼ਲ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ ਦਿੱਤੀ।

ਦੱਸਣਯੋਗ ਹੈ ਕਿ ਸੁਤੰਤਰਤਾ ਸੈਲਾਨੀ ਸਵਰਗਵਾਸੀ ਸ. ਵੱਸਣ ਸਿੰਘ ਕਾਲੇਪਾਣੀ ਨੇ ਦੇਸ਼ ਨੂੰ ਅੰਗਰੇਜ਼ ਹਕੂਮਤ ਤੋਂ ਅਜ਼ਾਦ ਕਰਾਉਣ ਲਈ ਆਪਣਾ ਉੱਘਾ ਯੋਗਦਾਨ ਪਾਇਆ ਸੀ। ਸ. ਵੱਸਣ ਸਿੰਘ ਕਾਲੇਪਾਣੀ ਦਾ ਜਨਮ 1 ਜਨਵਰੀ 1922 ਨੂੰ ਚੱਕ ਨੰਬਰ 54, ਤਹਿਸੀਲ ਓਕਾੜਾ, ਜ਼ਿਲ•ਾ ਮਿੰਟਗੁਮਰੀ



(ਪਾਕਿਸਤਾਨ) ਵਿਖੇ ਹੋਇਆ ਸੀ। ਸ. ਵੱਸਣ ਸਿੰਘ 1939 'ਚ ਬ੍ਰਿਟਿਸ਼ ਫੌਜ ਦੀ ਰਾਇਲ ਇੰਡੀਅਨ ਆਰਮੀ 'ਚ ਭਰਤੀ ਹੋ ਗਏ ਅਤੇ ਅਜੇ ਉਹ ਰੰਗਰੂਟੀ ਹੀ ਕਰ ਰਹੇ ਸਨ ਕਿ ਉਹਨਾਂ ਨੂੰ ਦੂਸਰੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਸੈਨਾ ਨਾਲ ਮਿਸਰ ਵਿਖੇ ਭੇਜ ਦਿੱਤਾ ਗਿਆ।

ਇਸੇ ਦੌਰਾਨ ਉਹ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਉਹਨਾਂ ਨੇ ਬਰਤਾਨੀਆ ਹਕੂਮਤ ਖਿਲਾਫ ਬਗਾਵਤ ਕਰ ਦਿੱਤੀ। ਸ. ਵੱਸਣ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਮੁਆਫੀ ਮੰਗਣ ਲਈ ਕਿਹਾ ਗਿਆ। ਸ. ਵੱਸਣ ਸਿੰਘ ਨੇ ਅੰਗਰੇਜ਼ਾਂ ਤੋਂ ਮੁਆਫੀ ਨਹੀਂ ਮੰਗੀ ਅਤੇ ਅਖੀਰ ਉਹਨਾਂ ਨੂੰ ਕਾਲੇਪਾਣੀ ਦੀ ਸਜ਼ਾ ਸੁਣਾਈ ਗਈ।

ਕਾਲੇਪਾਣੀ ਦੀ ਸਜ਼ਾ ਦੇ ਘੋਰ ਤਸੀਹੇ ਵੀ ਉਹਨਾਂ ਦਾ ਹੌਂਸਲਾ ਨਾ ਢਾਹ ਸਕੇ ਅਤੇ ਉਹ ਅੰਗਰੇਜ਼ ਹਕੂਮਤ ਨੂੰ ਆਪਣੀ ਚਣੌਤੀ ਦਿੰਦੇ ਰਹੇ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ ਜੰਗੇ-ਅਜ਼ਾਦੀ 'ਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਸ. ਵੱਸਣ ਸਿੰਘ ਆਪਣੇ ਪਰਿਵਾਰ ਸਮੇਤ ਬਟਾਲਾ ਵਿਖੇ ਆ ਕੇ ਵੱਸ ਗਏ ਸਨ ਅਤੇ ਅੱਜ ਵੀ ਉਹਨਾਂ ਦਾ ਪਰਿਵਾਰ ਬਟਾਲਾ ਸ਼ਹਿਰ ਵਿਖੇ ਰਹਿ ਰਿਹਾ ਹੈ।

# ਰਾਸ਼ਟਰੀ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚੋਂ ਗੁਰਪ੍ਰੀਤ ਲਾਖਾ ਨੇ ਚਾਂਦੀ ਅਤੇ ਕਾਂਸੀ ਦੇ ਮੈਡਲ ਜਿੱਤੇ

**ਬੰਗਾ (ਰੇਸ਼ਮ ਕਰਨਾਣਵੀ)–** ਪਾਵਰ ਲਿਫਟਿੰਗ ਫੈਡਰੇਸ਼ਨ ਆਫ ਨਾਰਥ ਇੰਡੀਆ ਵਲੋਂ ਦਿੱਲੀ ਵਿਖੇ ਕਰਵਾਈ ਗਈ ਨਾਰਥ ਇੰਡੀਆ ਬੈਂਚ ਪਰੈਸ ਅਤੇ ਡੈੱਡ ਲਿਫਟ ਚੈਂਪੀਅਨਸ਼ਿਪ ਵਿੱਚ ਪਿੰਡ ਕਰਨਾਣਾ ਦੇ ਗੁਰਪ੍ਰੀਤ ਲਾਖਾ ਨੇ ਭਾਗ ਲਿਆ ਜਿਸ ਵਿੱਚ ਉਸ ਨੇ ਡੈੱਡ ਲਿਫਟ ਮੁਕਾਬਲੇ ਵਿਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਚਾਂਦੀ ਦੇ ਮੈਡਲ ਅਤੇ ਬੈਂਚ ਪ੍ਰੈਸ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੀ ਦੇ ਮੈਡਲ ਜਿੱਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਮੈਡਲ ਜੇਤੂ ਗੁਰਪ੍ਰੀਤ ਲਾਖਾ ਦਾ ਗ੍ਰਾਮ ਪੰਚਾਇਤ ਕਰਨਾਣਾ, ਪਤਵੰਤਿਆਂ ਅਤੇ ਪਿੰਡ ਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ।

ਪਿੰਡ ਕਰਨਾਣਾ ਦੇ ਸਰਪੰਚ ਲਵਦੀਪ ਕੁਮਾਰ ਨੇ ਗੁਰਪ੍ਰੀਤ ਲਾਖਾ ਦੇ ਸਨਮਾਨ ਸਮਾਰੋਹ ਮੌਕੇ ਕਿਹਾ ਪਿੰਡ ਕਰਨਾਣਾ ਦੇ ਖੇਡ ਖੇਤਰ ਵਿੱਚ ਵਿਲੱਖਣ ਨਾਮ ਹੈ ਕਿਉਂਕਿ



ਇਸ ਪਿੰਡ ਦੀ ਇਕਾਈ ਤੋਂ ਸੰਘਰਸ਼ ਕਰਕੇ ਓਲੰਪੀਅਨ ਵੇਟਲਿਫਟਰ ਜਸਵੀਰ ਸਿੰਘ ਨੇ ਪਿੰਡ ਦਾ ਨਾਮ ਰੌਸ਼ਨ ਕੀਤਾ। ਹੁਣ ਗੁਰਪ੍ਰੀਤ ਲਾਖਾ ਪਾਵਰ ਲਿਫਟਿੰਗ ਵਿੱਚ ਰਾਸ਼ਟਰੀ ਮੁਕਾਬਲਿਆਂ 'ਚੋ ਚਾਂਦੀ ਅਤੇ ਕਾਂਸੀ ਦੇ ਮੈਡਲ ਜਿੱਤ ਕੇ ਪਿੰਡ ਅਤੇ ਇਲਾਕੇ ਦਾ ਮਾਣ ਵਧਾ ਰਿਹਾ ਹੈ। ਜਿਸ ਦਾ ਗ੍ਰਾਮ ਪੰਚਾਇਤ ਵਲੋਂ ਸਨਮਾਨ ਕਰਦੇ ਹੋਏ ਫਖ਼ਰ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਪਾਵਰ ਲਿਫਟਰ ਜਸਵੰਤ ਸਿੰਘ, ਗੁਰਵੀਰ ਗੁਰੀ ਨੇ ਵੀ ਗੁਰਪ੍ਰੀਤ ਨੂੰ ਸ਼ਾਬਾਸ਼ ਦਿੰਦੇ ਹੋਏ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਪਤੀਆਂ ਪਿੱਛੇ ਗੁਰਪ੍ਰੀਤ ਦੀ ਮਿਹਨਤ, ਮਾਤਾ ਪਿਤਾ ਦੇ ਅਸ਼ੀਰਵਾਦ ਅਤੇ ਸਹਿਯੋਗ ਭਰਿਆ ਹੱਥ ਹੈ। ਇਸ ਮੌਕੇ ਮਾਸਟਰ ਰਾਜਵਿੰਦਰ ਲਾਖਾ ਨੇ ਵੀ ਸੰਬੋਧਨ ਕੀਤਾ। ਅਗਲੇ ਮਹੀਨੇ ਦਿੱਲੀ ਵਿੱਚ ਹੋ ਰਹੀ ਵਿਸ਼ਵ ਪੱਧਰੀ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਜਸਵੰਤ ਸਿੰਘ ਅਤੇ ਗੁਰਪ੍ਰੀਤ ਭਾਗ ਲੈਣਗੇ। ਗੁਰਪ੍ਰੀਤ ਲਾਖਾ ਦਾ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਨਾਣਾ ਦੇ ਸਟਾਫ ਵਲੋਂ ਵੀ ਸਨਮਾਨ ਕੀਤਾ ਗਿਆ। ਸਨਮਾਨ ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਮੈਂਬਰ ਪੰਚਾਇਤ ਯੁੱਧਵੀਰ ਸਿੰਘ, ਰਾਜ ਕਰਨ ਮੈਂਬਰ ਪੰਚਾਇਤ, ਬਲਵੀਰ ਕੁਮਾਰ ਮੈਂਬਰ ਪੰਚਾਇਤ, ਸੁੱਚਾ ਸਿੰਘ, ਦੇਸ ਰਾਜ, ਸੋਢੀ ਰਾਮ, ਮਨਪ੍ਰੀਤ ਮਨੀ, ਪਰਸ਼ੋਤਮ ਲਾਲ ਆਦਿ ਹਾਜ਼ਰ ਸਨ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Prop: Jasbir Singh Takhar
510-755-2132
Free Estimates
Free Towing
510- 733- 2222
1421 Industrial PKWY West#F Hay-ward, CA 94544


Harmandeep Singh

A & S
Auto Repair & Services
Specializing in Brakes & Axles
10% of any repair of $ 75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ



108 ਸੰਤ ਮੇਲਾ ਰਾਮ ਜੀ ਮਹਾਰਾਜ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਵਿਖੇ ਧੰਨ ਧੰਨ 108 ਸੰਤ ਮੇਲਾ ਰਾਮ ਮਹਾਰਾਜ ਜੀ ਦੀ 64ਵੀਂ ਬਰਸੀ 22, 23, 24 ਸਤੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ ਧਾਮ ਨਾਲ ਮਨਾਈ ਜਾ ਰਹੀ ਹੈ। ਜਿਸ ਵਿਚ 22 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 24 ਸਤੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਗੁਰੂ ਘਰ ਦਾ ਹਜ਼ੂਰੀ ਜਥਾ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਇਲਾਵਾ ਪੰਥ ਪ੍ਰਸਿੱਧ ਰਾਗੀ ਢਾਡੀ ਕਥਾਵਾਚਕ ਹਰਿ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।

**ਨੋਟ- ਇਸ ਸ਼ੁਭ ਮੌਕੇ ਤੇ 108 ਸੰਤ ਮੇਲਾ ਰਾਮ ਮਹਾਰਾਜ ਜੀ ਦੇ ਡੇਰੇ ਦੇ ਗੱਦੀ ਨਸ਼ੀਨ 108 ਸੰਤ ਭਗਵਾਨ ਦਾਸ ਜੀ ਮਹਾਰਾਜ ਸਤਸੰਗ ਪ੍ਰਵਚਨਾਂ ਦੁਆਰਾ ਤਿੰਨ ਦਿਨ ਸੰਗਤਾਂ ਨੂੰ ਨਿਹਾਲ ਕਰਨਗੇ ਜੀ।**

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਘਰ 916-992-1710

ਹਰਮੇਸ਼ ਬੰਗੜ ਪ੍ਰਧਾਨ (ਗੁਰੂ ਘਰ) 916-821-217, ਬਲਵਿੰਦਰ ਰੱਲ੍ਹ ਚੇਅਰਮੈਨ (ਗੁਰੂ ਘਰ) 916-425-2705, ਸਤੀਸ਼ ਰੱਲ੍ਹ 916-214-9092, ਬਲਵੀਰ ਕਲੇਰ 916-769-8569

ਗੁਰੂ ਘਰ ਦਾ ਪਤਾ **6221 16th Street, Rio Linda CA 95673**


# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



# L.A. MERCHANDISE
**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 39.99+Tax



Baksho Kaur Bisla Hardev Singh Bisla

**500 N. Palora Ave. Yuba City, CA 95991**

530-671-0439, Fax 530-822-0439 Cell- 530-844-3250

# ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦਾ 13ਵਾਂ ਵਿਸ਼ਵ ਕਬੱਡੀ ਕੱਪ ਸਫਲਤਾ ਪੂਰਵਕ ਸੰਪੰਨ

























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


















# ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦਾ 13ਵਾਂ ਵਿਸ਼ਵ ਕਬੱਡੀ ਕੱਪ ਸਫਲਤਾ ਪੂਰਵਕ ਸੰਪੰਨ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)












# ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦਾ 13ਵਾਂ ਵਿਸ਼ਵ ਕਬੱਡੀ ਕੱਪ ਸਫਲਤਾ ਪੂਰਵਕ ਸੰਪੰਨ















ਤਸਵੀਰਾਂ- ਪ੍ਰੇਮ ਕੁਮਾਰ ਚੰਬਰ (ਦੇਸ਼ ਦੁਆਬਾ)










# ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦਾ 13ਵਾਂ ਵਿਸ਼ਵ ਕਬੱਡੀ ਕੱਪ ਸਫਲਤਾ ਪੂਰਵਕ ਸੰਪੰਨ

ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)























# MAHA RISHI VALMIK SABHA USA

## YUBA CITY, CALIFORNIA




ਗੁਰੂ ਪਿਆਰੀ ਸਾਧ ਸੰਗਤ ਜੀਓ!

ਆਪ ਸਭ ਨੂੰ ਜਾਣ ਕੇ ਬੜੀ ਖ਼ੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣ-ਗਾਨ ਕੀਤਾ ਜਾਵੇਗਾ।ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿੱਚ ਪਰਿਵਾਰਾਂ ਸਮੇਤ ਟੈਂਪਲ ਵਿੱਚ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਵਾਓ।ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਸ੍ਰੀ ਗੁਰੂ ਰਵੀਦਾਸ ਸਭਾ ਯੂਬਾ ਸਿਟੀ, ਰਿਓਲਿੰਡਾ, ਪਿਟਸਵਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ, ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

13 ਅਕਤੂਬਰ ਦਿਨ ਸ਼ੁੱਕਰਵਾਰ 2017
ਆਰੰਭ ਪਾਠ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਜੀ ਸਵੇਰੇ 10 ਵਜੇ ਹੋਵੇਗਾ

14 ਅਕਤੂਬਰ ਦਿਨ ਸ਼ਨਿਚਰਵਾਰ 2017
ਝੰਡਾ ਸਾਹਿਬ ਚੜ੍ਹਾਉਣ ਦੀ ਰਸਮ ਸਵੇਰੇ 10 ਵਜੇ ਹੋਵੇਗੀ

15 ਅਕਤੂਬਰ ਦਿਨ ਐਤਵਾਰ 2017
ਭਜਨ ਅਤੇ ਬੁਲਾਰਿਆਂ ਦੇ ਭਾਸ਼ਣ 11.30 ਤੋਂ 4 ਵਜੇ ਸ਼ਾਮ ਤੱਕ

**Music By : Maharishi Valmik Sangeet Mandali**

**Performances: Bhupinder Bhinda, Amarjit Lali, Vishal Sarvati, Raj Kumar, Jiwan Rattu, Des Raj Shubh, Rohtas Bhagani, Rajinder Sahota, Gurdeep Singh Heera, Swaran Lata Sondhi, Joginder Singh Shonki.**

## ਗੁਰੂ ਕਾ ਲੰਗਰ ਦੋਨੋਂ ਦਿਨ ਅਤੁੱਟ ਵਰਤੇਗਾ

ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਹੈ ਕਿ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.

**Address : 84/86 Percy Ave., Yuba City, CA 95991. Phone 530-777-9385**

# ਸਿੱਖਿਆ ਦੇ ਮੰਦਰਾਂ ਨੂੰ ਵਿਉਪਾਰ ਵਿੱਚ ਬਦਲਣ ਦੀ ਪ੍ਰਵਿਰਤੀ ਬੰਦ ਹੋਵੇ

**ਦੇਸ਼ ਦੀਆਂ ਰਮਣੀਕ ਥਾਵਾਂ ਉਤੇ, ਸ਼ਹਿਰਾਂ ਦੇ ਪੌਸ਼ ਇਲਾਕਿਆਂ ਵਿੱਚ, ਵੱਡੇ ਪਹਾੜੀ ਸ਼ਹਿਰਾਂ ਵਿੱਚ, ਹਜ਼ਾਰਾਂ ਦੀ ਗਿਣਤੀ ਵਿੱਚ ਖੋਲ੍ਹੇ ਗਏ ਇਹ ਪਬਲਿਕ ਸਕੂਲ, ਕਿਧਰੇ ਦੇਸ਼ ਦੀ ਵੱਡੀ ਸੀ ਬੀ ਐਸ ਈ ਬੋਰਡ, ਕਿਧਰੇ ਆਈ ਸੀ ਐਸ ਈ ਅਤੇ ਪਤਾ ਨਹੀਂ ਹੋਰ ਕਿੰਨੇ ਸਰਕਾਰੀ ਬੋਰਡਾਂ, ਕੇਂਦਰੀ ਸੂਬਾਈ ਸਿੱਖਿਆ ਬੋਰਡਾਂ, ਸਿੱਖਿਆ ਦੀਆਂ ਰੈਗੂਲੇਟਰੀ ਅਥਾਰਿਟੀ ਨਾਲ ਸਬੰਧਤ ਹਨ, ਪਰ ਇਹਨਾ ਸਕੂਲਾਂ ਦੀ ਵੱਡੀ ਗਿਣਤੀ ਦੇ ਪ੍ਰਬੰਧਕ ਆਪਣੇ ਸਿਆਸੀ ''ਆਕਾ'' ਦੀ ਸ਼ਹਿ ਉਤੇ ਬਣੇ ਹੋਏ ਨਿਯਮਾਂ ਨੂੰ ਛਿੱਕੇ ਟੰਗ ਕੇ ਮਨਮਾਨੀਆਂ ਕਰਦੇ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਪਿਛਲੇ ਦਿਨੀਂ ਚਮਕ-ਦਮਕ ਵਾਲੇ ਹਰਿਆਣਾ ਸ਼ਹਿਰ ਗੁਰੂ ਗ੍ਰਾਮ (ਗੁੜਗਾਉਂ) ਵਿੱਚ ਇੱਕ ਪਬਲਿਕ ਸਕੂਲ ਵਿੱਚ, ਦੂਜੀ ਕਲਾਸ ਵਿੱਚ ਪੜ੍ਹਦੇ ਇੱਕ ਵਿਦਿਆਰਥੀ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋਈ , ਉਹ ਕਥਿਤ ਤੌਰ ਤੇ ਪੰਜ ਸਤਾਰਾ ਸਕੂਲਾਂ ਦੇ ਕਾਲੇ-ਸਿਆਹ ਪੱਖ ਦੀ ਪ੍ਰੇਸ਼ਾਨ ਕਰਨ ਵਾਲੀ ਉਦਾਹਰਣ ਹੈ। ਇਕ ਸਾਫ ਸੁਥਰੇ ਸਕੂਲ ਦੇ, ਸਾਫ ਸੁਥਰੇ ਟਾਇਲਟ ਵਿੱਚ ਇੱਕ ਬੱਚੇ ਦੀ ਗਰਦਨ ਉਤੇ ਚਾਕੂ ਫੇਰ ਕੇ ਹੱਤਿਆ ਕਰ ਦਿੱਤੀ ਗਈ ਅਤੇ ਹੈਰਾਨੀ ਦੀ ਗੱਲ ਇਹ ਕਿ ਕਿਸੇ ਨੂੰ ਉਸਦੀ ਚੀਖ਼ ਤੱਕ ਵੀ ਸੁਣਾਈ ਨਹੀਂ ਦਿੱਤੀ। ਬਿਲਕੁਲ ਉਵੇਂ ਹੀ ਜਿਵੇਂ ਸਾਡੇ ਸਮੁੱਚੇ ਦੇਸ਼ ਵਿੱਚ ਗਰੀਬ-ਗੁਰਬੇ, ਦੁੱਖਾਂ-ਤਕਲੀਫਾਂ ਤੇ ਨਿੱਤ ਘੁੱਟ-ਘੁੱਟ ਕੇ ਜ਼ਿੰਦਗੀ ਜੀਊਣ ਵਾਲਿਆਂ ਦੀਆਂ ਚੀਖਾਂ ਹਾਕਮਾਂ ਨੂੰ ਸੁਣਾਈ ਨਹੀਂ ਦਿੰਦੀਆ। ਜੇਕਰ ਸੁਣਦੀਆਂ ਵੀ ਹਨ, ਤਾਂ ਅਣਡਿੱਠ ਕਰ ਦਿੱਤੀਆਂ ਜਾਂਦੀਆਂ ਹਨ।

ਸਿੱਖਿਆ ਦੇ ਇਹਨਾ ਵਪਾਰਕ ਮੰਦਰਾਂ ਵਿੱਚ ਕੀ ਹੋ ਰਿਹਾ ਹੈ? ਮਾਪਿਆਂ ਦੀ ਆਰਥਿਕ ਲੁੱਟ ਹੋ ਰਹੀ ਹੈ। ਇਥੇ ਪੜ੍ਹਨ ਵਾਲੇ ਬੱਚਿਆਂ ਦਾ ਮਾਨਸਿਕ ਸ਼ੋਸ਼ਣ ਹੋ ਰਿਹਾ ਹੈ। ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਇਹਨਾ ਨਿੱਜੀ ਪਬਲਿਕ ਸਕੂਲਾਂ ਵਿੱਚ ਸਟੈਂਡਰਡ ਦੀ ਪੜ੍ਹਾਈ ਅਤੇ ਸ਼ਾਨਦਾਰ ਸੁਵਿਧਾਵਾਂ ਦੇ ਲਈ ਭਾਰੀ-ਭਰਕਮ ਫੀਸਾਂ ਮਾਪਿਆਂ ਤੋਂ ਅਟੇਰੀਆਂ ਜਾਂਦੀਆਂ ਹਨ ਲੇਕਿਨ ਇਹ ਸਕੂਲ ਕਿਸੇ ਕਿਸਮ ਦੀ ਜ਼ੁੰਮੇਵਾਰੀ ਨਹੀਂ ਲੈਂਦੇ। ਇਹੋ ਜਿਹੇ ਕਈ ਸਕੂਲ ਹਨ, ਜਿਥੇ ਛੋਟੇ ਬੱਚਿਆਂ ਦੀ ਦੇਖ-ਰੇਖ ਲਈ ''ਮੈਡ'' (ਆਇਆ) ਦੀ ਵਿਵਸਥਾ ਤੱਕ ਨਹੀਂ ਹੁੰਦੀ ਅਤੇ ਸਕੂਲ ਦੀਆਂ ਡਿਸਪੈਂਸਰੀ ਵਿੱਚ ਸਧਾਰਣ ਬਿਮਾਰੀ ਦੇ ਇਲਾਜ ਤੱਕ ਲਈ ਦਵਾਈਆਂ ਵੀ ਉਪਲੱਬਧ ਨਹੀਂ ਹੁੰਦੀਆਂ, ਜੇਕਰ ਹੁੰਦੀਆਂ ਵੀ ਹਨ ਤਾਂ ਉਹ ਵੀ ਪੁਰਾਣੀਆਂ। ਇਸ ਸਭ ਕੁਝ ਦੇ ਬਾਵਜੂਦ ਸਮੇਂ ਸਮੇਂ ਉਤੇ ਫੀਸਾਂ ਦੇ ਵਾਧੇ ਲਈ ਇਹ ਸਕੂਲ ਆਪਣਾ ਹੱਕ ਸਮਝਦੇ ਹਨ ਅਤੇ ਆਪੇ ਵਧਾਈ ਹੋਈ ਫੀਸ ਇਹ ਵਸੂਲਦੇ ਵੀ ਹਨ।

ਦੇਸ਼ ਦੀਆਂ ਰਮਣੀਕ ਥਾਵਾਂ ਉਤੇ, ਸ਼ਹਿਰਾਂ ਦੇ ਪੌਸ਼ ਇਲਾਕਿਆਂ ਵਿੱਚ, ਵੱਡੇ ਪਹਾੜੀ ਸ਼ਹਿਰਾਂ ਵਿੱਚ, ਹਜ਼ਾਰਾਂ ਦੀ ਗਿਣਤੀ ਵਿੱਚ ਖੋਲ੍ਹੇ ਗਏ ਇਹ ਪਬਲਿਕ ਸਕੂਲ, ਕਿਧਰੇ ਦੇਸ਼ ਦੀ ਵੱਡੀ ਸੀ ਬੀ ਐਸ ਈ ਬੋਰਡ, ਕਿਧਰੇ ਆਈ ਸੀ ਐਸ ਈ ਅਤੇ ਪਤਾ ਨਹੀਂ ਹੋਰ ਕਿੰਨੇ ਸਰਕਾਰੀ ਬੋਰਡਾਂ, ਕੇਂਦਰੀ ਸੂਬਾਈ ਸਿੱਖਿਆ ਬੋਰਡਾਂ, ਸਿੱਖਿਆ ਦੀਆਂ ਰੈਗੂਲੇਟਰੀ ਅਥਾਰਿਟੀ ਨਾਲ ਸਬੰਧਤ ਹਨ, ਪਰ ਇਹਨਾ ਸਕੂਲਾਂ ਦੀ ਵੱਡੀ ਗਿਣਤੀ ਦੇ ਪ੍ਰਬੰਧਕ ਆਪਣੇ ਸਿਆਸੀ ''ਆਕਾ'' ਦੀ ਸ਼ਹਿ ਉਤੇ ਬਣੇ ਹੋਏ ਨਿਯਮਾਂ ਨੂੰ ਛਿੱਕੇ ਟੰਗ ਕੇ ਮਨਮਾਨੀਆਂ ਕਰਦੇ ਹਨ। ਸਕੂਲਾਂ 'ਚ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਹੀਂ, ਵਿਦਿਆਰਥੀਆਂ ਦੀ ਸੁਰੱਖਿਆ ਦਾ ਪ੍ਰਬੰਧ ਨਹੀਂ, ਚੰਗੇ ਟਰੇਂਡ ਅਧਿਆਪਕ ਨਹੀਂ, ਲੋੜੀਂਦਾ ਸਹਾਇਕ ਅਮਲਾ ਨਹੀਂ, ਪਰ ਇਸ ਸਭ ਕੁਝ ਦੇ ਬਾਵਜੂਦ ਇਹਨਾ ਸਕੂਲਾਂ ਨੂੰ ਮਾਨਤਾ ਮਿਲੀ ਹੋਈ ਹੈ ਜਾਂ ਮਾਨਤਾ ਜਾਰੀ ਰੱਖੀ ਜਾ ਰਹੀ ਹੈ। ਸਕੂਲਾਂ ਦੀ ਸੁਰੱਖਿਆ ਵਿਵਸਥਾ ਇਸ ਕਦਰ ਮਾੜੀ ਹੈ ਕਿ ਪਿਛਲੇ ਮਹੀਨੇ ਦਿੱਲੀ 'ਚ ਇੱਕ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਕੂਲ 'ਚ ਇੱਕ ਵਿਦਿਆਰਥੀ ਦੀ ਫ਼ਰਸ਼ ਉਤੇ ਡਿਗਕੇ ਰਹੱਸਮਈ ਹਾਲਤਾਂ 'ਚ ਮੌਤ ਹੋ ਗਈ। ਇੱਕ ਹੋਰ ਵਿਦਿਆਰਥੀ ਸਕੂਲ ਦੀ ਪਾਣੀ ਦੀ ਟੈਂਕੀ 'ਚ ਮਰਿਆ ਮਿਲਿਆ। ਇਥੇ ਹੀ ਬੱਸ ਨਹੀਂ ਸਕੂਲ ਦੇ ਅਧਿਆਪਕਾਂ, ਸਹਾਇਕ ਅਧਿਆਪਕਾਂ, ਕੰਡਕਟਰਾਂ, ਡਰਾਈਵਰਾਂ, ਚਪੜਾਸੀਆਂ ਅਤੇ ਹੋਰ ਅਮਲੇ ਵਲੋਂ ਲਗਾਤਾਰ ਵਿਦਿਆਰਥੀਆਂ ਨਾਲ ਕੁੱਟ-ਕੁਟਾਪੇ, ਦੁਰਵਿਵਹਾਰ ਦੀਆਂ ਖ਼ਬਰਾਂ ਅਖ਼ਬਾਰਾਂ ਤੇ ਮੀਡੀਏ ਦੀਆਂ ਸੁਰਖੀਆਂ ਬਣਦੀਆਂ ਹਨ। ਵਿਦਿਆਰਥੀਆਂ ਦੀ ਹੱਤਿਆ, ਉਹਨਾ ਨਾਲ ਹੁੰਦੇ ਬਲਾਤਕਾਰਾਂ, 'ਚ ਬੱਸ ਡਰਾਈਵਰਾਂ, ਕੰਡਕਟਰਾਂ, ਚਪੜਾਸੀਆਂ ਦੇ ਸ਼ਾਮਲ ਹੋਣ ਦੀਆਂ ਖ਼ਬਰਾਂ ਇਹ ਸ਼ੰਕਾ ਪੈਦਾ ਕਰਦੀਆਂ ਹਨ ਕਿ ਥੋੜ੍ਹੀ ਤਨਖਾਹ ਉਤੇ ਰੱਖੇ ਇਹਨਾ ਮੁਲਾਜ਼ਮਾਂ ਦੀ ਨੌਕਰੀ 'ਚ ਦਾਖਲੇ ਵੇਲੇ ਉਹਨਾ ਦੇ ਆਪਰਾਧੀ ਰਿਕਾਰਡ ਦੀ ਪੁਲਿਸ ਜਾਂਚ ਜਾਂ ਪੁਛ ਛਾਣ ਉਪਰੰਤ ਭਰਤੀ ਨਹੀਂ ਹੁੰਦੀ। ਇਹਨਾ ਨੂੰ ਸਿਫਾਰਸ਼ੀ ਤੌਰ ਤੇ ਹੀ ਰੱਖ ਲਿਆ ਜਾਂਦਾ ਹੈ।

ਇਹਨਾਂ ਵਪਾਰਕ ਵੱਡੇ ਪਬਲਿਕ ਸਕੂਲਾਂ ਵਿੱਚ ਸਵਿਮਿੰਗ ਪੂਲ ਹਨ, ਜਮਨੇਜੀਅਮ ਹਨ, ਖੇਡ ਮੈਦਾਨ ਹਨ, ਕੀ ਇਹਨਾਂ ਥਾਵਾਂ ਉਤੇ ਉਹਨਾ ਤਹਿ-ਸ਼ੁਦਾ ਮਾਣਕਾਂ ਨੂੰ ਆਪਨਾਇਆ ਜਾ ਰਿਹਾ ਹੈ, ਜਿਹੜੇ ਇਹਨਾਂ ਚੀਜਾਂ ਨੂੰ ਚਲਾਉਣ ਲਈ ਜ਼ਰੂਰੀ ਹਨ ਜਾਂ ਉਂਜ ਜੀ ਵਿਦਿਆਰਥੀਆਂ ਨੂੰ ਮੌਤ ਦੇ ਸਾਏ ਹੇਠ ਇਹਨਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ, ਜਿਹਨਾਂ ਦੀ ਵਰਤੋਂ ਦੀ ਵੱਡੀ ਫੀਸ ਵਿਦਿਆਰਥੀਆਂ ਤੋਂ ਲੈ ਲਈ ਜਾਂਦੀ ਹੈ। ਪਿਛਲੇ ਸਾਲਾਂ ਵਿੱਚ ਇਹਨਾਂ ਪਬਲਿਕ ਸਕੂਲਾਂ ਵਲੋਂ ਮਨਮਾਨੀ ਨਾਲ ਉਗਰਾਹੀਆਂ ਜਾ ਰਹੀਆਂ ਫੀਸਾਂ, ਅਤੇ ਦਿੱਤੀਆਂ ਜਾ ਰਹੀਆਂ ਹੋਰ ਸਹੂਲਤਾਂ ਲਈ ਜਾਂਦੀ ਫੀਸ ਸਬੰਧੀ ਅਦਾਲਤਾਂ ਵਲੋਂ ਪੁਣ ਛਾਣ ਦਾ ਰਸਤਾ ਅਪਨਾਇਆ ਗਿਆ ਹੈ ਅਤੇ ਸੂਬਾਈ ਸਿੱਖਿਆ ਰੈਗੂਲੇਟਰੀ ਅਥਾਰਟੀਆਂ ਦੇ ਗਠਨ ਦਾ ਰਾਹ ਪੱਧਰਾ ਹੋਇਆ ਹੈ ਪਰ ਪ੍ਰਬੰਧਕਾਂ ਵਲੋਂ ਆਪਣੇ ਵਪਾਰਕ ਹਿਤਾਂ ਦੀ ਖਾਤਰ ਚੋਰ-ਮੋਰੀਆਂ ਰਾਹੀਂ ਆਪਣੀ ਆਮਦਨ ਵਧਾਉਣ ਲਈ ਫਿਰ ਵੀ ਕੋਈ ਨਾ ਕੋਈ ਢੰਗ ਅਪਨਾ ਹੀ ਲਿਆ ਜਾਂਦਾ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਆਪਣੇ ਫਰਜ਼ 'ਚ ਕੌਤਾਹੀ ਕਰਦਿਆਂ, ਸਿੱਖਿਆ ਨੂੰ ਆਪਣੇ ਗਲੋਂ ਲਾਹ ਕੇ, ਲੋਕਾਂ ਦੀ ਲੁੱਟ ਲਈ ਵਪਾਰਕ ਤੌਰ 'ਤੇ ਸਿੱਖਿਆ ਖੇਤਰ 'ਚ ਕੰਮ ਕਰਦੇ ਅਦਾਰਿਆਂ ਨੂੰ ਸੌਂਪਣਾ, ਸਿੱਖਿਆ ਦੇ ਖੇਤਰ 'ਚ ਨਿਘਾਰ ਦਾ ਕਾਰਨ ਬਣਿਆ ਹੈ। ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ 'ਚ ਖੋਲ੍ਹੀਆਂ ਗਈਆਂ ਪ੍ਰਾਈਵੇਟ ਖੇਤਰ 'ਚ ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਉਹਨਾ 'ਚ ਚਲਾਏ ਜਾਂਦੇ ਊਟ-ਪਟਾਂਗ ਕੋਰਸ, ਵਿਦਿਆਰਥੀ ਦੀ ਲੁੱਟ-ਖਸੁੱਟ ਦਾ ਕਾਰਨ ਤਾਂ ਬਣ ਹੀ ਰਹੇ ਹਨ ਉਹਨਾ ਦੀ ਰੁਜ਼ਗਾਰ ਪ੍ਰਾਪਤੀ 'ਚ ਵੀ ਰੋੜਾ ਬਣ ਰਹੇ ਹਨ। ਸਾਲਾਂ-ਬੱਧੀ ਇਹਨਾ ਕੋਰਸਾਂ 'ਚ ਉਹ ਪੜ੍ਹਾਈ ਕਰਾਈ ਜਾਂਦੀ ਹੈ, ਜਿਸ ਦਾ ਸਬੰਧ ਨਾ ਕਿਸੇ ਰੁਜ਼ਗਾਰ ਨਾਲ ਹੈ, ਨਾ ਕਿਸੇ ਉਦਯੋਗ ਨਾਲ ਹੈ। ਪ੍ਰਾਇਮਰੀ, ਸੈਕੰਡਰੀ ਸਿੱਖਿਆ ਦਾ ਜੋ ਹਾਲ ਦੇਸ਼ ਭਰ ਵਿੱਚ ਹੈ, ਉਹ ਤਾਂ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ, ਸਰਕਾਰੀ ਸੰਸਥਾਵਾਂ ਦਾ ਤਾਂ ਅਸਲੋਂ ਭੈੜਾ ਹਾਲ ਹੈ, ਗੈਰਸਰਕਾਰੀ ਸੰਸਥਾਵਾਂ ਵਪਾਰਿਕ ਹਿੱਤਾਂ ਤੋਂ ਉਪਰ ਸੋਚ ਹੀ ਨਹੀਂ ਸਕਦੀਆਂ, ਯੂਨੀਵਰਸਿਟੀ ਸਿੱਖਿਆ ਨਿਘਾਰ ਵੱਲ ਜਾ ਰਹੀ ਹੈ। ਹਾਲਤ ਇਹ ਹੈ ਕਿ ਦੁਨੀਆ ਭਰ ਦੀਆਂ ਮਿਆਰੀ ਯੂਨੀਵਰਸਿਟੀਆਂ ਦੀ 2017 ਦੀ ਜੋ ਲਿਸਟ ਜਾਰੀ ਹੋਈ ਹੈ, ਉਸ ਵਿੱਚਲੀਆਂ ਉਪਰਲੀਆਂ 250 ਯੂਨੀਵਰਸਿਟੀਆਂ ਵਿੱਚ ਭਾਰਤ ਦੀ ਕਿਸੇ ਯੂਨੀਵਰਸਿਟੀ ਦਾ ਨਾਮ-ਥੇਹ ਹੀ ਨਹੀਂ ਹੈ। ਉਹ ਦੇਸ਼ ਜਿਹੜਾ ਪੁਰਾਤਨ ਸਮੇਂ ਉੱਚ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਭਰ ਵਿੱਚ ਪ੍ਰਸਿੱਧ ਸੀ, ਉਸ ਦੀ ਹਾਲਤ ਅਸਲੋਂ ਹੀ ਪੇਤਲੀ ਹੋ ਚੁੱਕੀ ਹੈ। ਕੀ ਇਹ ਦੇਸ਼ ਦੇ ਹਾਕਮਾਂ ਦੀ ਲੋਕਾਂ ਨੂੰ ''ਅਨਪੜ੍ਹ'', ਭੁੱਖੇ-ਨੰਗੇ'', ''ਉਜੱਡ'' ਬਣਾਈ ਰੱਖਣ ਦੀ ਕਿਸੇ ਸਾਜ਼ਿਸ਼ ਦਾ ਹਿੱਸਾ ਤਾਂ ਨਹੀਂ?

ਦੇਸ਼ ਵਿੱਚ ਸਕੂਲਾਂ ਨੂੰ ਕੰਟਰੋਲ ਕਰਨ ਲਈ ਸੈਂਕੜੇ ਸਿੱਖਿਆ ਬੋਰਡ ਹਨ, ਸੈਂਕੜੇ ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਤੇ ਸਰਕਾਰੀ ਯੂਨੀਵਰਸਿਟੀਆਂ ਹਨ। ਓਪਨ ਸਕੂਲ, ਓਪਨ ਯੂਨੀਵਰਸਿਟੀਆਂ ਦੀ ਵੀ ਕਮੀ ਨਹੀਂ ਹੈ। ਗੈਰ ਮਾਨਤਾ ਪ੍ਰਾਪਤ ਜਾਅਲੀ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਲੁੱਟ ਰਹੀਆਂ ਹਨ। ਲੱਖਾਂ ਦੀ ਗਿਣਤੀ ਜਾਅਲੀ ਜਾਰੀ ਕੀਤੀਆਂ ਡਿਗਰੀਆਂ ਬਜ਼ਾਰ 'ਚ ਤੁਰੀਆਂ ਫਿਰਦੀਆਂ ਹਨ। ਸਧਾਰਨ ਕਮਰਿਆਂ 'ਚ ਮਾਨਤਾ ਪ੍ਰਾਪਤ ਲਰਨਿੰਗ ਸੈਂਟਰ ਹਨ। ਪਬਲਿਕ ਸਕੂਲਾਂ ਦੀ ਮਾਨਤਾ ਦਿਵਾਉਣ ਲਈ ''ਵਿਚੋਲੇ'' ਉਹਨਾ ਦੇ ਕੇਸ ਤਿਆਰ ਕਰਕੇ ਨਿਰੀਖਕਾਂ ਨੂੰ ਮੂੰਹ ਮੰਗੀਆਂ ਫੀਸਾਂ ਦੇਕੇ ਕੰਮ ਕਰਾਉਣ ਵਾਲੇ ਤੁਰੇ ਫਿਰਦੇ ਹਨ। ਸਕੂਲਾਂ , ਯੂਨੀਵਰਸਿਟੀਆਂ ਦੀਆਂ ਇੰਨਸਪੈਸ਼ਨਾਂ ਕਰਨ ਵੇਲੇ ਜਾਅਲੀ ਭਰਤੀ ਕਰਕੇ ਅਧਿਆਪਕ ਦਿਖਾ ਦਿਤੇ ਜਾਂਦੇ ਹਨ, ਲੀਜ਼ ਤੇ ਲਏ ਜਾਂ ਕਿਰਾਏ ਦੇ ਸਕੂਲਾਂ 'ਚ ਨਰਸਿੰਗ ਕਾਲਜਾ, ਸਕੂਲ ਸਥਾਪਤ ਕਰ ਦਿਤੇ ਜਾਂਦੇ ਹਨ। ਟੀਚਰਾਂ ਅਤੇ ਹੋਰ ਅਮਲੇ ਨੂੰ ਨੀਅਤ ਤਨਖਾਹਾਂ ਦੇ ਚੈਕ ਜਾਰੀ ਕਰਕੇ, ਵਾਪਿਸ ਲੈ ਕੇ ਘੱਟ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਕੀ ਇਹ ਸਭ ਕੁਝ ਸਰਕਾਰੀ ਅਣਦੇਖੀ ਕਾਰਨ ਨਹੀਂ ਹੋ ਰਿਹਾ? ਕੀ ਇਸ ਵਰਤਾਰੇ ਨੂੰ ਸਰਕਾਰੀ ਪੱਧਰ ਉਤੇ ਠੱਲ ਨਾ ਪਾਏ ਜਾਣ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਆਲ ਇੰਡੀਆ, ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਨਰਸਿੰਗ ਕੌਂਸਲ, ਆਲ ਇੰਡੀਆ ਕੌਂਸਲ ਫਾਰ ਮੈਡੀਕਲ ਐਜੂਕੇਸ਼ਨ ਅਤੇ ਉਸ ਤੋਂ ਵੀ ਵੱਧ ਮਨਿਟਰੀ ਆਫ ਹਿਊਮਨ ਰਿਸੋਰਸ ਡਿਵੈਲਪਮੈਂਟ ਤੇ ਭਾਰਤ ਸਰਕਾਰ ਜ਼ੁੰਮੇਵਾਰ ਨਹੀਂ?

ਅਸਲ ਵਿੱਚ ਤਾਂ ਜਦੋਂ ਤੋਂ ਸਰਕਾਰਾਂ ਵਲੋਂ ਸਿੱਖਿਆ ਦਾ ਵਪਾਰੀਕਰਨ ਦਾ ਰਸਤਾ ਸਾਫ ਕੀਤਾ ਗਿਆ ਹੈ, ਸਿੱਖਿਆ ਵਿਚੋਂ ਮਿਆਰੀਕਰਨ ਖਤਮ ਹੋ ਗਿਆ ਹੈ। ''ਲੱਡੂ ਵੇਚਣ'' ਦੀ ਤਰ੍ਹਾਂ ਸਿੱਖਿਆ ਵੇਚੀ ਜਾ ਰਹੀ ਹੈ ਅਤੇ ਵੱਧ ਤੋਂ ਵੱਧ ਲਾਭ ਕਮਾਉਣ ਲਈ ਅਦਾਰਿਆਂ ਦੇ ਮਾਲਕ ਸਿੱਖਿਆ ਵਿੱਚ ਮਿਲਾਵਟ ਕਰਨ ਦਾ ਰਾਹ ਫੜ ਚੁੱਕੇ ਹਨ।

ਲੋੜ ਇਸ ਗੱਲ ਦੀ ਹੈ ਕਿ ਦੇਸ਼ ਦੇ ਹਰ ਨਾਗਰਿਕ ਲਈ ਇਕੋ ਜਿਹੀ ਅਤੇ ਮਿਆਰੀ ਸਿੱਖਿਆ ਦਾ ਪ੍ਰਬੰਧ ਹੋਵੇ ਅਤੇ ਵਿਦਿਆ ਵੀਚਾਰੀ ਤਾਂ ਪਰਉਪਕਾਰੀ ਦੇ ਸੰਕਲਪ ਦਾ ਵਪਾਰੀਕਰਨ ਨਾ ਕੀਤਾ ਜਾਵੇ। ਨਹੀਂ ਤਾਂ ਪਹਿਲਾਂ ਹੀ ਕੁਚੱਜੀ ਰਾਸ਼ਟਰੀ ਸਿੱਖਿਆ ਨੀਤੀ ਕਾਰਨ ਸਿੱਖਿਆ ਦਾ ਜੋ ਦੀਵਾਲਾ ਨਿਕਲ ਚੁੱਕਾ ਹੈ, ਉਸਨੂੰ ਹੋਰ ਰਸਾਤਲ ਵੱਲ ਜਾਣ ਤੋਂ ਕੋਈ ਰੋਕ ਨਹੀਂ ਸਕੇਗਾ।

## ਐਸ.ਸੀ. ਕਮਿਸ਼ਨ ਪੰਜਾਬ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਵਲੋਂ ਭਲਾਈ ਵਿਭਾਗ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਫੰਡ ਤੁਰੰਤ ਜਾਰੀ ਕਰਨ ਦੀ ਹਦਾਇਤ

**ਚੰਡੀਗੜ੍ਹ-** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਭਲਾਈ ਵਿਭਾਗ, ਪੰਜਾਬ ਨੂੰ ਸੂਬੇ ਭਰ 'ਚ ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਬਣਾਉਣ ਸਬੰਧੀ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਸਮੁੱਚੀ ਰਿਪੋਰਟ 15 ਦਿਨਾਂ 'ਚ ਕਮਿਸ਼ਨ ਸਨਮੁੱਖ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।



ਚੰਡੀਗੜ੍ਹ ਵਿਖੇ ਅੱਜ ਹੋਈ ਕਮਿਸ਼ਨ ਦੀ ਮੀਟਿੰਗ ਮਗਰੋਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਐਸ.ਸੀ. ਕਮਿਸ਼ਨ ਵਲੋਂ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਕਮਿਸ਼ਨ ਮੀਟਿੰਗ ਕੀਤੀ ਗਈ, ਜਿਸ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਨੇਕਾਂ ਮਸਲੇ ਜੋ ਕਿ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਨ, ਨੂੰ ਵਿਚਾਰਿਆ ਗਿਆ ਅਤੇ ਉਨ੍ਹਾਂ ਮਾਮਲਿਆਂ ਨੂੰ ਸਮਾਂਬੱਧ ਢੰਗ ਨਾਲ ਨਜਿੱਠਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਭਲਾਈ ਵਿਭਾਗ, ਪੰਜਾਬ ਨੂੰ ਸੂਬੇ ਭਰ 'ਚ ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਬਣਾਉਣ ਸਬੰਧੀ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਸਮੁੱਚੀ ਰਿਪੋਰਟ 15 ਦਿਨਾਂ 'ਚ ਕਮਿਸ਼ਨ ਸਨਮੁੱਖ ਪੇਸ਼ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾ ਸਕੇ। ਉਨ੍ਹਾਂ ਦੱਸਿਆ ਕਿ ਪੁਲੀਸ ਵਿਭਾਗ ਨੂੰ ਪੰਜਾਬ 'ਚ ਦਲਿਤਾਂ 'ਤੇ ਹੋ ਰਹੇ ਅੱਤਿਆਚਾਰ ਦੀ ਮਹੀਨਾਵਾਰ ਰਿਪੋਰਟ ਕਮਿਸ਼ਨ ਨੂੰ ਭੇਜਣ ਦੇ ਨਿਰਦੇਸ਼ ਦਿੱਤੇ ਗਏ ਹਨ। ਸ੍ਰੀ ਬਾਘਾ ਨੇ ਦੱਸਿਆ ਕਿ ਭਲਾਈ ਵਿਭਾਗ ਨੂੰ ਇਹ ਵੀ ਕਿਹਾ ਗਿਆ ਹੈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵੱਖ-ਵੱਖ ਕਾਲਜਾਂ 'ਚ ਪੜ੍ਹ ਰਹੇ ਅਨੁਸੂਚਿਤ ਜਾਤੀ ਵਿਦਿਆਰਥੀਆਂ ਦੇ ਸਕਾਲਰਸ਼ਿਪ ਫੰਡਾਂ ਦੀ ਬਕਾਇਆ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ ਤਾਂ ਜੋ ਸਬੰਧਤ ਵਿਦਿਆਰਥੀਆਂ ਨੂੰ ਕੋਈ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਭਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਕਈ ਕਾਲਜਾਂ ਵਲੋਂ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਫੰਡ ਜਾਰੀ ਨਾ ਹੋਣ ਕਰਕੇ ਰੋਲ ਨੰਬਰ ਨਹੀਂ ਦਿੱਤੇ ਜਾ ਰਹੇ, ਸਮੂਹ ਕਾਲਜਾਂ ਨੂੰ ਇੱਕ ਪੱਤਰ ਜਾਰੀ ਕਰਕੇ ਤੁਰੰਤ ਰੋਲ ਨੰਬਰ ਜਾਰੀ ਲਈ ਕਿਹਾ ਜਾਵੇ।

## ਐਨਸੀਈਆਰਟੀ ਦੇ ਸਿਲੇਬਸ ਵਿਚੋਂ ਕਵੀ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਨੂੰ ਹਟਾਇਆ ਨਹੀਂ ਜਾਵੇਗਾ

ਜਲੰਧਰ- ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨ ਰਿਸਰਚ ਐਂਡ ਟਰੇਨਿੰਗ (ਐਨ.ਸੀ.ਈ.ਆਰ.ਟੀ) ਦੇ ਡਾਇਰੈਕਟਰ ਹਰਿਸ਼ਕੇਸ਼ ਸੇਨਾਪਤੀ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਐਨ.ਸੀ.ਈ.ਆਰ.ਟੀ ਦੇ ਸਿਲੇਬਸ ਵਿਚੋਂ ਕਵੀ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਨੂੰ ਹਟਾਇਆ ਨਹੀਂ ਜਾਵੇਗਾ।

ਇਹ ਫੈਸਲਾ ਅਸਲ 'ਚ ਕਲਾ, ਕਲਮ, ਵਿਚਾਰਾਂ ਦੀ ਆਜ਼ਾਦੀ ਲਈ ਤੁਰੰਤ ਚਾਰ-ਚੁਫ਼ੇਰਿਓਂ ਉੱਠੀ ਜ਼ਬਰਦਸਤ ਲੋਕ-ਆਵਾਜ਼ ਦੀ ਜਿੱਤ ਹੈ। ਇਹ ਕਹਿਣਾ ਹੈ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਦਾ। ਉਹਨਾਂ ਕਿਹਾ ਕਿ ਪਲਸ ਮੰਚ ਨੇ ਪਾਸ਼ ਦੀ ਤਸਵੀਰ ਅਤੇ 'ਸਭ ਤੋਂ ਖਤਰਨਾਕ' ਕਵਿਤਾ ਛਾਪ ਕੇ ਭਾਵਪੂਰਤ ਪੋਸਟਰ, ਕਵੀ ਪਾਸ਼ ਦੇ 67ਵੇਂ ਜਨਮ ਦਿਨ ਮੌਕੇ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵਲੋਂ ਟੀਚਰਜ਼ ਹੋਮ ਬਠਿ-ੰਡਾ ਵਿਖੇ ਮਨਾਏ ਸੂਬਾਈ ਸਾਲਾਨਾ ਸਾਹਿਤਕ ਸਮਾਗਮ ਮੌਕੇ ਲੋਕ ਅਰਪਣ ਕੀਤਾ ਸੀ। ਐਨ. ਸੀ. ਈ. ਆਰ. ਟੀ. ਦੇ ਡਾਇਰੈਕਟਰ ਹਰਿਸ਼ਕੇਸ਼ ਸੇਨਾਪਤੀ ਨੇ ਬਠਿੰਡਾ ਸਮਾਗਮ ਅਤੇ ਪ੍ਰੈਸ ਵਿੱਚ ਉੱਠੇ ਇਸ ਸੁਆਲ ਦਾ ਜੁਆਬ ਦਿੰਦਿਆ ਐਲਾਨ ਕੀਤਾ ਹੈ ਕਿ ਐਨ.ਸੀ.ਈ.ਆਰ.ਟੀ. ਦੇ ਸਿਲੇਬਸ ਵਿਚੋਂ 'ਸਭ ਤੋਂ ਖਤਰਨਾਕ' ਕਵਿਤਾ ਕੱਢੀ ਨਹੀਂ ਜਾਵੇਗੀ। ਇਸਦੇ ਨਾਲ ਹੀ ਉਹਨਾਂ ਨੇ ਹੋਰ



ਕਲਾ ਕਿਰਤਾਂ ਵੀ ਨਾ ਕੱਢਣ ਦਾ ਯਕੀਨ ਦੁਆਇਆ ਹੈ। ਚੇਤੇ ਰਹੇ ਕਿ ਪਾਸ਼ ਦੀ ਕਵਿਤਾ ਦੇ ਨਾਲ ਹੀ ਰਾਬਿੰਦਰ ਨਾਥ ਟੈਗੋਰ ਅਤੇ ਐਮ.ਐਫ. ਹੁਸੈਨ ਦੀਆਂ ਕਲਾ ਕਿਰਤਾਂ ਨੂੰ ਵੀ ਸਿਲੇਬਸ 'ਚੋਂ ਖਾਰਜ ਕਰਨ ਦਾ ਦੀਨਾ ਨਾਥ ਬੱਤਰਾ ਵਲੋਂ ਐਲਾਨ ਕੀਤਾ ਗਿਆ ਸੀ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਜ਼ਿਕਰਯੋਗ ਹੈ ਕਿ ਪ੍ਰੈਸ ਅਤੇ ਪਾਸ਼ ਯਾਦਗਾਰੀ ਸੂਬਾਈ ਸਾਹਿਤਕ ਸਮਾਗਮ ਬਠਿੰਡਾ 'ਚ ਜਾਰੀ ਪੋਸਟਰ ਨੇ ਐਨ.ਸੀ.ਈ.ਆਰ.ਟੀ ਨੂੰ ਜਨਤਕ ਰਾਏ ਅੱਗੇ ਪਿਛਲਮੋੜੇ ਲਈ ਮਜ਼ਬੂਰ ਕਰ ਦਿੱਤਾ ਹੈ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਪਾਸ਼ ਦੀ ਕਵਿਤਾ ਸਿਲੇਬਸ 'ਚੋਂ ਨਾ ਕੱਢੇ ਜਾਣ ਦੀ ਅੰਸ਼ਕ ਜਿੱਤ ਨੂੰ ਲੋਕ-ਆਵਾਜ਼ ਦੀ ਜਿੱਤ ਕਰਾਰ ਦਿੰਦਿਆਂ ਸੱਦਾ ਦਿੱਤਾ ਹੈ ਕਿ ਲੋਕ-ਏਕਤਾ, ਚੇਤਨ ਜਨਤਕ ਲਹਿਰ ਅਤੇ ਆਵਾਮ ਵਿਰੋਧੀ ਫੈਸਲਿਆਂ ਖਿਲਾਫ਼ ਉਠ ਖੜ੍ਹੇ ਹੋਣਾ ਹੀ ਅਸਲ 'ਚ ਲੋਕਾਂ ਕੋਲ ਸੁਵੱਲੜਾ ਰਾਹ ਹੈ।

## ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਲਈ ਅੰਮ੍ਰਿਤਸਰ ਵਿਕਾਸ ਮੰਚ ਨੇ ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਤੱਕ ਕੀਤੀ ਪਹੁੰਚ

**ਅੰਮ੍ਰਿਤਸਰ-** ਕੈਨੇਡਾ ਤੋਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਅਤੇ ਪੰਜਾਬੀਆਂ ਨੂੰ ਜਾਗਰੂਕ ਕਰਨ ਲਈ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਅਤੇ ਵਿਦੇਸ਼ ਸਕੱਤਰ ਸ. ਸਮੀਪ ਸਿੰਘ ਨੇ ਟੋਰਾਂਟੋਂ ਦਾ ਦੌਰਾ ਕੀਤਾ। ਮੰਚ ਆਗੂ ਬਰਮਪਟਨ ਦੇ ਪਾਰਲੀਮੈਂਟ ਮੈਬਰਾਂ ਦੇ ਦਫ਼ਤਰ ਗਏ।ਉਨ੍ਹਾਂ ਦੀ ਬਰਮਪਟਨ ਉਤਰ (ਨਾਰਥ) ਦੀ ਪਾਰਲੀਮੈਂਟ ਮੈਂਬਰ ਸ੍ਰੀਮਤੀ ਰੂਬੀ ਸਹੋਤਾ ਨਾਲ ਹੋਈ ਮੁਲਾਕਾਤ ਬਹੁਤ ਕਾਮਯਾਬ ਰਹੀ। ਮੈਡਮ ਸਹੋਤਾ ਨੂੰ ਦੱਸਿਆ ਗਿਆ ਕਿ



ਏਅਰ ਕੈਨੇਡਾ ਸਿੱਧੀ ਅੰਮ੍ਰਿਤਸਰ ਨਹੀਂ ਜਾ ਸਕਦੀ ਕਿਉਂਕਿ ਭਾਰਤ ਸਰਕਾਰ ਨੇ ਕੈਨੇਡਾ ਦੀ ਹਵਾਈ ਕੰਪਨੀਆਂ ਲਈ ਕੇਵਲ 6 ਮੈਟਰੋ ਏਅਰਪੋਰਟ ਰੱਖੇ ਹੋਏ ਹਨ। ਟੋਰਾਂਟੋ ਤੇ ਇਸ ਦੇ ਨਾਲ ਲਗਦੇ ਇਲਾਕਿਆਂ ਵਿਚ 6 ਲੱਖ ਦੇ ਕਰੀਬ ਪੰਜਾਬੀ ਹਨ। ਇਸ ਲਈ ਇੱਥੋਂ ਅੰਮ੍ਰਿਤਸਰ ਲਈ ਏਅਰ ਕੈਨੇਡਾ ਦੀ ਸਿੱਧੀ ਉਡਾਣ ਬੜੀ ਸਫ਼ਲ ਹੋ ਸਕਦੀ ਹੈ। ਮੌਨਟਰੀਅਲ, ਕੈਲਗਰੀ, ਵੈਨਕੂਵਰ ਤੇ ਕੈਨੇਡਾ ਦੇ ਹੋਰ ਸ਼ਹਿਰਾਂ ਤੋਂ ਪੰਜਾਬੀ ਵੀ ਏਅਰ ਕੈਨੇਡਾ ਦੀ ਉਡਾਣ ਲੈ ਕੇ ਟੋਰਾਂਟੋ ਰਾਹੀਂ ਅੰਮ੍ਰਿਤਸਰ ਲਈ ਸਿੱਧੀ ਉਡਾਣ ਲੈ ਸਕਦੇ ਹਨ।






# ਆਜ਼ਾਦੀ ਤੋਂ ਪਹਿਲਾਂ ਦਾ ਪੰਜਾਬ

## ਇਨਕਲਾਬੀ ਘੋਲ ਦੀ ਸਥਿਤੀ ਤੇ ਮਾਸਟਰ ਕਾਬੁਲ ਸਿੰਘ “ਗੋਬਿੰਦਪੁਰੀ” ਦੀ ਘਾਲਣਾ

ਸੰਸਾਰ ਭਰ ਦੇ ਹਾਕਮਾਂ ਦੀਆਂ ਅੱਖਾਂ ਹਮੇਸ਼ਾਂ ਇਸ ਗੱਲ ’ਤੇ ਹੀ ਟਿਕੀਆਂ ਰਹੀਆਂ ਤੇ ਲਗਦੈ ਕਿ ਸ਼ਾਇਦ ਅੱਜ ਵੀ ਟਿਕੀਆਂ ਹੋਈਆਂ ਕਿ ਭਾਰਤ ਨੂੰ ਕਿਵੇਂ ਗੁਲਾਮ ਬਣਾ ਇਥੋਂ ਦੀ ਅਕਲ ਤੇ ਖਜ਼ਾਨੇ ਸਮੇਤ ਹੋਰ ਸੰਭਾਵਨਾਵਾਂ ਨੂੰ ਲੁੱਟਿਆ ਜਾਵੇ। ਜੇ ਇਤਿਹਾਸ ’ਤੇ ਨਜ਼ਰ ਮਾਰੀਏ ਤਾਂ ਲਗਦੈ ਇਸੇ ਕਰਕੇ ਲਗਭਗ ਸਾਰੇ ਦੇ ਸਾਰੇ ਹਮਲਾਵਰਾਂ ਨੇ ਹਮੇਸ਼ਾਂ ਭਾਰਤ ਤੇ ਕਬਜ਼ਾ ਕਰਨ ਲਈ ਜ਼ਮੀਨੀ ਰਾਹ ਵਜੋਂ ਪੰਜਾਬ ਵਿਚੀਂ ਲੰਘਣਾ ਹੀ ਸੌਖਾ ਰਾਹ ਚੁਣਿਆਂ। ਸ਼ਇਦ ਇਸ ਦਾ ਇਕ ਕਾਰਣ ਇਹ ਵੀ ਹੋਵੇਗਾ ਕਿ ਭਾਰਤ ਦੇ ਬਾਕੀ ਪਾਸੇ ਸਮੁੰਦਰ ਦੇ ਪਾਣੀਆਂ ਨਾਲ ਘਿਰੇ ਹੋਏ ਹਨ।

ਪਰ ਅੰਗਰੇਜ਼ਾਂ ਦੇ ਮਾਮਲੇ ’ਚ ਤੱਥ ਹੋਰ ਹੀ ਸਨ। ਉਨ੍ਹਾਂ ਪਹਿਲਾਂ ਈਸਟ ਇੰਡੀਆ ਕੰਪਨੀ ਰਾਹੀਂ ਆਰਥਿਕ ਕਬਜ਼ਾ ਕਰਨ ਦੀ ਸੋਚੀ ਤੇ ਹੌਲੀ ਹੌਲੀ ਇਸ ਨੂੰ ਵਿਉਪਾਰ ਦਾ ਨਾਂਅ ਤੇ ਉਸ ਦੀ ਰਖਵਾਲੀ ਦੇ ਬਹਾਨੇ ਆਪਣੀ ਹੀ ਹਕੂਮਤ ਕਾਇਮ ਕਰ ਲਈ। ਸ਼ਾਇਦ ਇਹ ਵੀ ਇਕ ਕਾਰਨ ਸੀ ਕਿ ਉਨ੍ਹਾਂ ਨੂੰ ਇਥੋਂ ਜਾਣ ’ਚ ਕਾਫੀ ਦੇਰ ਲੱਗੀ।

ਪਰ ਜਿਵੇਂ ਕਿ ਹੁੰਦਾ ਹੀ ਆਇਆ, ਤੇ ਇਤਿਹਾਸ ਵੀ ਗਵਾਹ ਹੈ ਕਿ ਪਹਿਲਾਂ ਵੀ ਤੇ ਹੁਣ ਵੀ ਆਜ਼ਾਦੀ ਪ੍ਰਾਪਤ ਕਰਨ ਦਾ ਅਹਿਸਾਸ ਪੰਜਾਬ ਦੀ ਧਰਤੀ ਤੋਂ ਹੀ ਫੁੱਟਣਾ ਸ਼ੁਰੂ ਹੁੰਦਾ ਰਿਹਾ। ਭਾਰਤ ਦੀ ਧਰਤੀ ’ਤੇ ਬੇਸ਼ੁਮਾਰ ਹਮਲਾਵਰ ਆਏ, ਇਸ ਦੇ ਖਜ਼ਾਨੇ ਲੁੱਟੇ ਅਤੇ ਇੱਥੋਂ ਦੇ ਵਸਨੀਕਾਂ ਨੂੰ ਗੁਲਾਮ ਬਣਾ ਰਾਜ ਕੀਤਾ। ਪਰ ਉਨ੍ਹਾਂ ਵਸਨੀਕਾਂ ’ਚੋਂ ਹੀ ਕੁਝ ਲੋਕ ਉੱਠੇ ਤੇ ਉਨ੍ਹਾਂ ਵਿਦੇਸੀ ਹਾਕਮਾਂ ਵਲੋਂ ਜਕੜੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਆਜ਼ਾਦੀ ਦੇ ਅਹਿਸਾਸਾਂ ਨੂੰ ਮਹਿਸੂਸ ਕਰਵਾਇਆ।

ਪੰਜਾਬ ਦੀ ਧਰਤੀ ਪਾਣੀਆਂ ਦੀ ਧਰਤੀ ਕਹਾਉਂਦੀ ਰਹੀ ਹੈ। ਉਂਝ ਤਾਂ ਸੰਸਾਰ ਭਰ ਦੀਆਂ ਮੁੱਖ ਸੱਭਿਆਤਾਵਾਂ ਦਰਿਆਵਾਂ ਦੇ ਕਿਨਾਰੇ ਵਸ ਕੇ ਹੀ ਪ੍ਰਫੁੱਲਿਤ ਹੋਈਆਂ ਪਰ ਪੰਜਾਬ ਇਕ ਐਸਾ ਮਿਸ਼ਰਣ ਹੈ ਜਿਸ ਨੂੰ ਖੋਲ੍ਹਦੇ ਜਾਓ ਤਾਂ ਨਵੀਆਂ ਪਰਤਾਂ ਖੁੱਲ੍ਹਦੀਆਂ ਹੀ ਜਾਂਦੀਆਂ ਹਨ। ਇੱਥੇ ਦੇ ਇਤਿਹਾਸ ਨੂੰ ਕਿਤਿਉਂ ਵੀ ਖੋਲ੍ਹ ਲਉ ਨਵੀਆਂ ਗੱਲਾਂ ਸਾਹਮਣੇ ਆਉਣੀਆਂ ਸੁਭਾਵਿਕ ਹੀ ਹਨ।

ਜਿਵੇਂ ਕਿ ਕਿਹਾ ਜਾਂਦਾ ਪੰਜਾਬ ਤੋਂ ਪਹਿਲਾਂ ਇਸ ਦਾ ਨਾਂਅ ‘‘ਸਪਤ ਸਿੰਧੂ’’ ਹੁੰਦਾ ਸੀ, ਕਿਉਂਕਿ ਇਹ ਧਰਤੀ ਸੱਤ ਦਰਿਆਵਾਂ ਦੀ ਮਾਲਕ ਸੀ। ਮਗਰੋਂ ਇਸ ’ਚੋਂ ਦੋ ਦਰਿਆ ਖਾਰਜ ਕਰ ਦਿੱਤੇ ਗਏ ਤਾਂ ਇਹ ਪੰਜ ਦਰਿਆਵਾਂ ਦੀ ਧਰਤੀ ਅਖਵਾਉਣ ਲੱਗੀ।

ਪੰਜ+ਆਬ (ਪੰਜਾਬ) ਦਾ ਜ਼ਿਕਰ ਤਾਰੀਖ਼-ਏ-ਸ਼ਾਹਸੂਰੀ ’ਚ ਮਿਲਦਾ, ਜਿਸ ਬਾਰੇ ਕਿਹਾ ਜਾਂਦਾ ਕਿ ਇਹ ਸ਼ਬਦ ਇਥੇ ਹੀ ਪਹਿਲੀ ਵਾਰ ਵਰਤੋਂ ’ਚ ਆਇਆ। ਪਰ ਇਹ ਵੀ ਮੰਨਿਆਂ ਗਿਆ ਕਿ ਇਸ ਤੋਂ ਪਹਿਲਾਂ ਇਹੋ ਸ਼ਬਦ ਸੰਸਕ੍ਰਿਤ ਦੀਆਂ ਲਿਖ਼ਤਾਂ ਵਿਚ ਵੀ ਮਿਲਦਾ, ਜਿਸ ’ਚ ਇਸ ਨੂੰ ‘‘ਪੰਜਨਦ’’ ਕਿਹਾ ਗਿਆ। ਕਿਉਂਕਿ ‘‘ਪੰਜਨਦ’’ ਇਕ ਨਦੀ ਦਾ ਨਾਂਅ ਸੀ ਜੋ ਪੰਜ ਦਰਿਆਵਾਂ_ਜੇਹਲਮ, ਚਨ੍ਹਾਬ, ਰਾਵੀ, ਬਿਆਸ ਤੇ ਸੱਤਲੁਜ ਦਾ ਮਿਸ਼ਰਨ ਅਤੇ ਬਹਾਵਲਪੁਰ ਜ਼ਿਲ੍ਹੇ (ਹੁਣ ਪਾਕਿਸਤਾਨ) ’ਚ ਸਥਿਤ ਸੀ। ਜੇਹਲਮ ਤੇ ਰਾਵੀ ਦਰਿਆ ਚਨ੍ਹਾਬ ’ਚ ਮਿਲ ਜਾਂਦੇ ਤੇ ਬਿਆਸ-ਸੱਤਲੁਜ ’ਚ। ਤੇ ਅਖੀਰ ਸੱਤਲੁਜ ਤੇ ਚਨ੍ਹਾਬ ਉੱਚ ਸ਼ਰੀਫ ਤੋਂ ਦਸ ਮੀਲਾਂ ਬਾਦ ‘‘ਪੰਜਨਦ’’ ’ਚ ਜਾ ਮਿਲਦੇ। ਇਹੀ ਫਿਰ ਮਿੱਠਨਕੋਟ ’ਚ ਇੰਡਸ ਨਦੀ ਬਣ ਜਾਂਦੇ ਜੋ ਅਖੀਰ ਅਰੇਬੀਅਨ ਸਮੁੰਦਰ ਨਾਲ ਜਾ ਲਗਦੈ। ‘‘ਪੰਜਨਦ’’ ਤੇ ਹੀ ਇਕ ਡੈਮ ਬਣਾਇਆ ਗਿਆ ਸੀ ਜਿਥੋਂ ਪੰਜਾਬ ਨੂੰ ਖੇਤੀ ਲਈ ਭਰਪੂਰ ਪਾਣੀ ਦਿੱਤਾ ਜਾਂਦਾ ਸੀ। ਇਸੇ ਸ਼ਬਦ ਦੀ ਵਰਤੋਂ ਹੋਰ ਵਿਦਵਾਨਾਂ ਦੀਆਂ ਪੁਸਤਕਾਂ ’ਚ ਵੀ ਹੋਈ ਮਿਲਦੀ ਹੈ। ਮਸਲਨ ‘‘ਆਈਨ-ਏ-ਅਕਬਰੀ’’ ’ਚ ਅਬੁੱਲ ਫਜ਼ਲ ਵਲੋਂ ਜ਼ਿਕਰ ਕੀਤਾ ਗਿਆ ਕਿ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਕ ਲਾਹੌਰ ਤੇ ਦੂਸਰਾ ਮੁਲਤਾਨ। ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਲੇਖਕਾਂ ਵਲੋਂ ਵੀ ਇਸ ਸ਼ਬਦ ਦੀ ਵਰਤੋਂ ‘‘ਤੁਜ਼ਕ-ਏ-ਜਹਾਂਗੀਰੀ’’ ਵਿਚ ਕੀਤੀ ਗਈ ਮਿਲਦੀ ਹੈ।

ਸ਼ਾਇਦ ਇਸ ਗੱਲ ’ਤੇ ਵਧੇਰੇ ਯਕੀਨ ਕੀਤਾ ਜਾ ਸਕਦਾ ਕਿ ਪੰਜਾਬ ਦਾ ਇਤਿਹਾਸ ਬਹੁਤ ਪੁਰਾਣਾ ਤੇ ਜ਼ਿਕਰਯੋਗ ਹੈ, ਜਿਸ ਵਿਚ ਵੱਖ-ਵੱਖ ਸੱਭਿਆਤਾਵਾਂ ਵੱਸਦੀਆਂ ਤੇ ਉੱਜੜਦੀਆਂ ਰਹੀਆਂ।

ਪਰ ਜਿਸ ਵੇਲੇ ਦੀ ਅਸੀਂ ਗੱਲ ਕਰਨ ਲੱਗੇ ਹਾਂ ਉਸ ਸਮੇਂ ਦਾ ਪੰਜਾਬ ਅੰਗਰੇਜ਼ੀ ਹਕੂਮਤ ਦਾ ਇਕ ਹਿੱਸਾ ਸੀ। ਸਾਰੇ ਭਾਰਤ ਵਿਚ ਅੰਗਰੇਜ਼ੀ ਹਕੂਮਤ ਦੀ ਆਪ ਹੁਦਰਾਸ਼ਾਹੀ, ਨਾ-ਇਨਸਾਫੀ, ਰੰਗ-ਭੇਦ ਦੇ ਉਬਾਲ, ਜ਼ਾਤਿ-ਪਾਤ, ਉੱਚ-ਨੀਚ ਫੈਲਾਅ ਚੁੱਕਾ ਸੀ। ਹਾਲਾਤ ਇਹ ਕਿ ਅਮੀਰ ਤਾਂ ਅੰਗਰੇਜ਼ੀ ਹਕੂਮਤ ਦੀ ਚਮਚਾਗਿਰੀ ਕਰਕੇ ‘ਰਾਏ ਸਾਹਿਬ’ ਬਣਦੇ ਗਏ, ਪਰ ਗਰੀਬ ਕਿਸਾਨ ਤੇ ਕਿਰਤੀ ਦੀਆਂ ਆਮ ਜ਼ਰੂਰਤਾਂ ਲਈ ਤੜਪ ਹੋਰ ਵੱਧਦੀ ਗਈ। ਥਾਂ-ਥਾਂ ’ਤੇ ਡੰਡੇ ਦੇ ਜ਼ੋਰ ਨਾਲ ਹਕੂਮਤ ਹੋ ਰਹੀ ਸੀ ਤੇ ਲੋਕਾਂ ਦੀ ਭਾਗੀਦਾਰੀ ਨਾਂਅ ਦੀ ਕੋਈ ਚੀਜ਼ ਹੀ ਨਹੀਂ ਸੀ ਦਿੱਸਦੀ।

ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਪਹਿਲਾਂ ਵੀ ਕਈ ਯਤਨ ਤਾਂ ਹੋਏ, ਪਰ ਕਾਮਯਾਬੀ ਨਾ ਮਿਲੀ। ਜਦੋਂ ਸਾਰੇ ਪਾਸੇ ਹਾਹਾਕਾਰ ਮੱਚ ਗਈ ਤਾਂ ਲੋਕਾਂ ਨੇ ਆਜ਼ਾਦੀ ਪ੍ਰਾਪਤ ਕਰਨ ਤੇ ਆਪਣੀ ਹਕੂਮਤ ਕਾਇਮ ਕਰਨ ਲਈ ਜਾਨਾਂ ਕੁਰਬਾਨ ਕਰਨ ਦੀਆਂ ਸੌਂਹਾਂ ਖਾਣੀਆਂ ਸ਼ੁਰੂ ਕਰ ਦਿੱਤੀਆਂ। ਦੇਸ਼ ਨੂੰ ਅੰਗਰੇਜ਼ਾਂ ਦੇ ਪੰਜੇ ਤੋਂ ਆਜ਼ਾਦ ਕਰਾਉਣ ਲਈ ਚਿਣਗਾਂ ਦੀ ਲਾਟ ਜਗਾ ਦਿੱਤੀ। ਤੇ ਜਦੋਂ ਮਾਸਟਰ ਕਾਬਲ ਸਿੰਘ (ਗੋਬਿੰਦਪੁਰੀ) ਦਾ ਜਨਮ ਹੋਇਆ, ਉਸ ਵੇਲੇ ਤੀਕ ਕਈ ਹੋਰ ਮਹਾਨ ਇਨਕਲਾਬੀ ਵਿਅਕਤੀਆਂ ਨੇ ਵੀ ਜਨਮ ਵੀ ਲੈ ਲਿਆ ਸੀ ਤੇ ਕੁਝ ਲੈਣ ਵਾਲੇ ਸਨ। ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਜਨਮ ਤਾਂ ਭਾਵੇਂ ਸਾਲ 1907 ’ਚ ਪੱਛਮੀ ਪੰਜਾਬ (ਪਾਕਿਸਤਾਨ), ਜ਼ਿਲ੍ਹਾ ਲਾਇਲਪੁਰ, ਵਿਖੇ ਹੋਇਆ ਪਰ ਉਹਨਾਂ ਦਾ ਜੱਦੀ ਪਿੰਡ ‘‘ਖਟਕੜ ਕਲਾਂ’’ ਮਾਸਟਰ ਜੀ ਦੇ ਪਿੰਡ ਗੋਬਿੰਦਪੁਰ ਤੋਂ ਕੁਝ ਕੁ ਕਿੱਲੋਮੀਟਰ ਹੀ ਦੂਰ ਹੈ। ਭਾਵੇਂ ਹੁਣ ਇਹ ਵੀ ਕਿਹਾ ਜਾਂਦਾ ਹੈ ਕਿ ਭਗਤ ਸਿੰਘ ਆਪਣੇ ਜੱਦੀ ਪਿੰਡ ਕਦੇ ਆਏ ਨਹੀਂ ਪਰ ਮਾਸਟਰ ਜੀ ਲਈ ਇਹ ਇਕ ਪ੍ਰੇਰਣਾ ਦਾ ਸਰੋਤ ਸੀ। ਸ਼ਿਵ ਰਾਮ ਰਾਜਗੁਰੂ (ਮਹਾਰਾਸ਼ਟਰ), ਮਸ਼ਹੂਰ ਇਨਕਲਾਬੀ ਚੰਦਰ ਸ਼ੇਖਰ ਆਜ਼ਾਦ (ਮੱਧ ਪ੍ਰਦੇਸ਼), ਸੁਭਾਸ਼ ਚੰਦਰ ਬੋਸ (ਕੱਟਕ, ਉੜੀਸਾ), ਊਧਮ ਸਿੰਘ (ਸੰਗਰੂਰ ਦੇ ਨੇੜੇ ਸੁਨਾਮ) ਵਿਖੇ ਪੈਦਾ ਹੋ ਇਸ ਧਰਤੀ ’ਤੇ ਆ ਚੁੱਕੇ ਜਾਂ ਜਨਮ ਲੈਣ ਵਾਲੇ ਸਨ। ਇਸ ਤੋਂ ਬਿਨਾਂ ਹੋਰ ਬਹੁਤ ਸਾਰੇ ਇਨਕਲਾਬੀ, ਜਿਨ੍ਹਾਂ ਦੇਸ਼ ਦੀ ਆਜ਼ਾਦੀ ’ਚ ਹਿੱਸਾ ਪਾਇਆ, ਵੀ ਜਨਮ ਲੈ ਚੁੱਕੇ ਜਾਂ ਲੈਣ ਵਾਲੇ ਸਨ। ਲਾਲ ਬਹਾਦੁਰ ਸ਼ਾਸਤਰੀ, ਲਾਲਾ ਲਾਜਪਤ ਰਾਏ, ਰਾਮ ਪ੍ਰਸਾਦ ਬਿਸਮਿਲ, ਅਸ਼ਫਾਕ ਖਾਨ ਤੇ ਹੋਰ ਬਹੁਤ ਸਾਰੇ ਇਨਕਲਾਬੀ ਵੀ ਆਜ਼ਾਦੀ ਦੀ ਲੜਾਈ ਵਿਚ ਆਪੋ ਆਪਣਾ ਹਿੱਸਾ ਪਾਉਣ ਲਈ ਕੁਦਰਤ ਵਲੋਂ ਆਪਣੀ ਹੋਂਦ ਤਿਆਰ ਕਰ ਰਹੇ ਸਨ।

ਇਸ ਤਰ੍ਹਾਂ ਮਾਸਟਰ ਜੀ ਦੇ ਜਨਮ ਲੈਣ ਤੀਕ ਆਜ਼ਾਦੀ ਦੀ ਲੜਾਈ ਵਾਲੀ ਧੂਣੀ ਨੂੰ ਅੱਗ ਵਾਂਗ ਭਖਾਊਣ ਦਾ ਕੰਮ ਸ਼ੁਰੂ ਹੋ ਚੁੱਕਾ ਸੀ, ਪਰ ਹਾਲੇ ਤੀਕ ਪੂਰੀ ਤਰ੍ਹਾਂ ਜਥੇਬੰਦਕ ਰੂਪ ਨਹੀਂ ਸੀ ਲੈ ਸਕਿਆ।

ਇਹ ਵੀ ਕਿਹਾ ਜਾਂਦੈ ਕਿ 1857 ’ਚ ਇਕ ਫੌਜੀ ਨੇ ਜਾਨਵਰਾਂ ਦੀ ਚਰਬੀ ਨਾਲ ਤਿਆਰ ਕੀਤੇ ਕਾਰਤੂਸ ਨੂੰ ਮੂੰਹ ’ਚ ਪਾ ਕੇ ਖੋਲਣ ਤੋਂ ਇਨਕਾਰ ਕਰ ਇਹ ਦਸ ਦਿੱਤਾ ਸੀ ਕਿ ਕਿਵੇਂ ਭਾਰਤੀ ਲੋਕ ਵਿਦੇਸ਼ੀ ਹਾਕਮਾਂ ਦੇ ਹੁਕਮ ਮੰਨਣ ਤੋਂ ਇਨਕਾਰੀ ਹੈ ਆਪਣੇ ਸਵੈ-ਮਾਣ ਨੂੰ ਬਰਕਰਾਰ ਰੱਖਣ ਲਈ ਤੱਤਪਰ ਹਨ। ਉਸ ਵੇਲੇ ਅਸਲ ਮੁੱਦਾ ਤਾਂ ਆਜ਼ਾਦੀ ਲਈ ਉਮੜ ਰਹੀ ਤਾਂਘ ਦਾ ਜਜ਼ਬਾ ਸੀ ਪਰ ਉਪਰੋਕਤ ਗੱਲ ਨੂੰ ਆਧਾਰ ਬਣਾ ਥਾਂ-ਥਾਂ ਉਬਾਲ ਆਉਣਾ ਸ਼ੁਰੂ ਹੋ ਗਿਆ। ਬਾਅਦ ’ਚ ਇਸੇ ਸਿਪਾਹੀ ਨੇ ਇਕ ਗੋਰੇ ਅਫ਼ਸਰ ਦੀ ਹੱਤਿਆ ਕਰ ਦਿੱਤੀ ਤੇ ਮਗਰੋਂ ਇਸ ਨੂੰ ਮੌਤ ਦੀ ਸਜ਼ਾ ਹੋਈ।

10 ਮਈ 1857 ਨੂੰ ਮੇਰਠ ਵਿਖੇ ਫੌਜੀਆਂ ਨੇ ਅੰਗਰੇਜ਼ ਅਫਸਰਾਂ ਦਾ ਹੁਕਮ ਮੰਨਣ ਤੋਂ ਮੁਨਕਰ ਹੋ ਕੇ ਉਨ੍ਹਾਂ ’ਚੋਂ ਕਈਆਂ ਦਾ ਘਾਣ ਕਰ ਦਿੱਤਾ। ਫੌਜੀਆਂ ਦੇ ਦਿਲਾਂ ’ਚ ਗੋਰਿਆਂ ਦੇ ‘ਚਿੱਟੇ ਅਤੇ ਕਾਲੇ’ ਦੀ ਭੇਦਭਾਵ ਵਾਲੀ ਨੀਤੀ ਨੂੰ ਹੋਰ ਨਾ-ਸਹਿਣ ਲਈ ਪਹਿਲਾਂ ਹੀ ਬਗ਼ਾਵਤ ਉਬਾਲੇ ਖਾ ਰਹੀ ਸੀ। ਉਹੋ ਫੌਜੀ 11 ਮਈ ਨੂੰ ਦਿੱਲੀ ਪਹੁੰਚੇ ’ਤੇ ਗੋਰਿਆਂ ਦੀਆਂ ਕਈ ਚੁੰਗੀਆਂ ਅਤੇ ਹੋਰ ਇਮਾਰਤਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਮਗਰੋਂ ਉਹਨਾਂ ਲਾਲ ਕਿਲੇ ਤੀਕ ਮਾਰਚ ਵੀ ਕੀਤਾ ਤੇ ਮੁਗ਼ਲ ਹਾਕਮ ਬਹਾਦੁਰ ਸ਼ਾਹ ਜ਼ਫ਼ਰ ਨੂੰ ਆਪਣਾ ਕਮਾਂਡਰ ਬਣਨ ਦੀ ਪੇਸ਼ਕਸ਼ ਕਰਕੇ ਆਪਣਾ ਤਾਜ ਵਾਪਸ ਲੈਣ ਲਈ ਪ੍ਰੇਰਿਆ। ਬਹਾਦਰ ਸ਼ਾਹ ਪਹਿਲਾਂ ਨਾਂਹ ਨੁੱਕਰ ਕਰਦਾ ਰਿਹਾ ਪਰ ਮਗਰੋਂ ਮੰਨ ਗਿਆ। ਸਾਰੇ ਬਾਗ਼ੀਆਂ ਨੇ ਮਿਲ ਕੇ ਉਸ ਨੂੰ ਸ਼ਹਿਨਸ਼ਾਹ-ਏ-ਹਿੰਦੁਸਤਾਨ ਕਰਾਰ ਵੀ ਦਿੱਤਾ ਤੇ ਕਈ ਯੂਰੋਪੀ ਅਤੇ ਇਸਾਈ ਅਫ਼ਸਰਾਂ ਦੇ ਕਤਲ ਵੀ ਕੀਤੇ। ਇਹੋ ਬਗ਼ਾਵਤ ਸਾਰੇ ਹਿੰਦੁਸਤਾਨ ਵਿਚ ਫੈਲਦੀ ਗਈ। ਅਵਧ ਵਿਚ ਇਸ ਦਾ ਬਹੁਤ ਅਸਰ ਹੋਇਆ।

ਲੋਕਾਂ ਦੀ ਇਸ ਮੁੱਢਲੀ ਲੜਾਈ ਨੇ ਆਜ਼ਾਦੀ ਦੀ ਅਗਲੀ ਲੜਾਈ ਵਾਸਤੇ ਇਸ ਦਾ ਮੁੱਢ ਤਾਂ ਬੰਨ੍ਹਿਆਂ ਪਰ ਅੰਗਰੇਜ਼ ਤੇ ਬਾਗ਼ੀਆਂ ’ਚ ਦਿੱਲੀ ਦੇ ਨੇੜੇ ਲੰਬੀ ਲੜਾਈ ਹੋਈ ਤੇ ਅਖ਼ੀਰ ਬਾਗੀਆਂ ਨੂੰ ਦਬਾ ਦਿੱਤਾ ਗਿਆ।

17 ਜੂਨ 1858 ਨੂੰ ਗਵਾਲੀਅਰ ਵਿਖੇ ਜ਼ਬਰਦਸਤ ਲੜਾਈ ਹੋਈ ਤੇ ਉਸ ’ਚ ਰਾਣੀ (ਝਾਂਸੀ) ਲੱਕਸ਼ਮੀ ਬਾਈ ਦੀ ਮੌਤ ਹੋ ਗਈ। ਉੱਧਰ ਤਾਂਤੀਆਂ ਟੋਪੇ ਜੋ ਕਿ ਗੁਰੀਲਾ ਲੜਾਈਆਂ ਲੜਨ ਦੇ ਮਾਹਿਰ ਸਨ ਵੀ 1859 ਤੀਕ ਲੜਦੇ ਰਹੇ। ਪਰ ਇਹ ਲੜਾਈ ਪੂਰੀ ਤਰ੍ਹਾਂ ਜਥੇਬੰਧਕ ਨਾ ਹੋਣ ਕਰਕੇ ਅਖ਼ੀਰ ਇਸ ਵਲਵਲੇ ਨੂੰ ਟਾਵਾਂ ਟਾਵਾਂ ਕਰਕੇ ਸੁਆ ਦਿੱਤਾ ਗਿਆ। ਇਸ ਤਰ੍ਹਾਂ ਆਜ਼ਾਦੀ ਲਈ ਉੱਠੇ ਕਈ ਮੋਹਰੀ ਤੇ ਉਨ੍ਹਾਂ ਦੇ ਕਾਫੀ ਸਾਰੇ ਸਾਥੀ ਜਾਂ ਤਾਂ ਮਿੱਟੀ ’ਚ ਦਫਨਾ ਦਿੱਤੇ ਗਏ ਤੇ ਜਾਂ ਅੱਗ ਦੇ ਹਵਾਲੇ ਹੋ ਗਏ।

ਉਹੀ ਦਿਨ ਸਨ ਜਦੋਂ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਤੋਂ ਹਾਕਮੀਅਤ ਦੇ ਅਧਿਕਾਰ ਖੋਹ ਕੇ ਆਪਣੇ ਅਧੀਨ ਲੈ ਲਏ। ਇਸ ਲੜਾਈ ’ਚ ਕੁਝ ਰਿਆਸਤਾਂ ਦੇ ਹਾਕਮ ਵੀ ਮਾਰੇ ਗਏ। ਬਹਾਦੁਰ ਸ਼ਾਹ ਜ਼ਫ਼ਰ ਨੂੰ ਵੀ ਰੰਗੂਨ ਭੇਜ ਦਿੱਤਾ ਗਿਆ ਜਿੱਥੇ ਉਨ੍ਹਾਂ ਦੀ 1862 ’ਚ ਮੌਤ ਹੋ ਗਈ।

ਉੱਧਰ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਨੇ 1869 ’ਚ ਇਕ ਸਮਾਜਿਕ ਮੁਹਿੰਮ ਛੇੜੀ ਸੀ ਤੇ ਕੁਝ ਹੋਰ ਮੰਗਾਂ ਨੂੰ ਸ਼ਾਮਲ ਕਰਕੇ ਜ਼ਬਰਦਸਤ ਅੰਦੋਲਨ ਚਲਾਇਆ। ਇਸ ਵਿਚ ਆਮ ਤੇ ਰਾਜਨੀਤਕ ਮੁੱਖ ਮੁੱਦਿਆਂ ’ਤੇ ਜ਼ੋਰ ਦਿੱਤਾ ਗਿਆ, ਜਿਨ੍ਹਾਂ ’ਚੋਂ ਕੁਝ ਸਨ :

‘ਧਾਰਮਿਕ ਅੰਧ-ਵਿਸ਼ਵਾਸ ਖਤਮ ਕੀਤਾ ਜਾਵੇ;

‘ਗਊ ਤੇ ਹੋਰ ਮਾਸ ਨੂੰ ਭੜਕਾਊ ਤਰੀਕੇ ਨਾਲ ਹਕੂਮਤ ਦੇ ਹੱਕਾਂ ’ਚ ਨਾ ਵਰਤਿਆ ਜਾਵੇ;

‘ਮੂੰਹ ਦੇ ਸਵਾਦ ਅਤੇ ਸੁਆਰਥ ਤੇ ਵਪਾਰ ਲਈ ਜਾਨਵਰਾਂ ਦੀ ਹੱਤਿਆ ਬੰਦ ਕੀਤੀ ਜਾਵੇ;

‘ਜਾਤੀਵਾਦ ਨੂੰ ਤਰਜੀਹ ਨਾ ਦਿੱਤੀ ਜਾਵੇ ਤੇ ਬਰਾ-ਬਰਤਾ ਦਾ ਸਮਾਜ ਕਾਇਮ ਕੀਤਾ ਜਾਵੇ;

‘ਔਰਤਾਂ ਲਈ ਵਿਧਵਾ-ਵਿਆਹ ਦੀ ਵੀ ਮੰਗ ਕੀਤੀ ਗਈ ਤੇ ਔਰਤਾਂ ਨੂੰ ਬਰਾਬਰ ਦਾ ਦਰਜ਼ਾ ਦੇਣ ਦੀ ਮੰਗ ਵੀ ਸ਼ਾਮਲ ਕੀਤੀ ਗਈ।

‘ਗਊ ਹੱਤਿਆ ’ਤੇ ਫੌਰਨ ਰੋਕ ਲਗਾਉਣ, ਸ਼ਰਾਬ ਦੀ ਮੰਡੀ ਨੂੰ ਬੰਦ ਕਰਨ ਤੇ ਹਰੇਕ ਇਨਸਾਨ ਨੂੰ ਇਨਸਾਫ਼ ਕਾਨੂੰਨ ਮੁਤਾਬਕ ਮਿਲੇ, ਗਰੀਬੀ ਜਾਂ ਅਮੀਰੀ ਤੇ ਨਾ ਹੀ ਜ਼ਾਤ-ਪਾਤ ਦੇ ਆਧਾਰ ਤੇ ਮਿਲੇ; ‘ਸਵਦੇਸ਼ੀ ਵਸਤਾਂ ਆਮ ਲੋਕਾਂ ਦੀ ਲੋੜ ਲਈ ਉਪਲੱਬਧ ਕੀਤੀਆਂ ਜਾਣ (ਇਨ੍ਹਾਂ ’ਚੋਂ ਕੁੱਝ ਮੰਗਾਂ ਨੂੰ ਲੈ ਕੇ ਬਾਅਦ ’ਚ ਮਹਾਤਮਾ ਗਾਂਧੀ ਨੇ ਵੀ ਅੰਦੋਲਨ ਚਲਾਇਆ)।

ਉਦੋਂ ਇਹ ਸਾਰੀਆਂ ਮੰਗਾਂ ਆਮ ਲੋਕਾਂ ਦੇ ਦਿਲਾਂ ਦੀ ਆਵਾਜ਼ ਬਣ ਗਈਆਂ ਅਤੇ ਲੋਕਾਂ ਦੀ ਖਾਹਿਸ਼ ਤੇ ਲੋੜ ਦਾ ਹਿੱਸਾ ਹੋਣ ਕਾਰਨ ਬਹੁਤ ਜਲਦੀ ਉੱਭਰ ਕੇ ਇਕ ਅੰਦੋਲਨ ਦਾ ਰੂਪ ਧਾਰਨ ਕਰ ਗਈਆਂ। ਲੋਕਾਂ ਖੱਡੀ ਤੇ ਬਣਿਆ ਪਹਿਰਾਵਾ ਪਾਉਣਾ ਸ਼ੁਰੂ ਕਰ ਦਿੱਤਾ। ਵਿਦੇਸ਼ੀ ਚੀਜ਼ਾਂ ਦਾ ਬਾਈਕਾਟ ਹੋਣ ਲੱਗਾ। ਜਿਸ ’ਚ ਚਿੱਠੀ-ਪੱਤਰ, ਵਿਦੇਸ਼ੀ ਵਿਦਿਆ ਦੀ ਥਾਂ ਸਵਦੇਸ਼ੀ ਵਿਦਿਅਕ ਪ੍ਰਬੰਧ ਲਈ ਕਦਮ ਚੁੱਕੇ ਗਏ। ਸਰਕਾਰੀ ਨੌਕਰੀਆਂ ਤੇ ਕਚਹਿਰੀਆਂ ਵਿਚ ਤਾਂ ਕੀ ਅੰਗਰੇਜ਼ੀ ਕਾਨੂੰਨ_ਯਾਨੀ ਵਿਦੇਸ਼ੀ ਚੀਜ਼ਾਂ ਦਾ ਕੁਲ ਬਾਈਕਾਟ ਕਰਨ ਲਈ ਕਿਹਾ ਗਿਆ ਪਰ ਅੰਗਰੇਜ਼ਾਂ ਤੋਂ ਇਹ ਸਹਾਰ ਨਾ ਹੋਇਆ।

ਅੰਗਰੇਜ਼ਾਂ ਨੇ ਅੰਮ੍ਰਿਤਸਰ ਪਵਿੱਤਰ ਸ਼ਹਿਰ ਹੋਣ ਦੇ ਬਾਵਜੂਦ ਉੱਥੇ ਗਊ ਦੇ ਮਾਸ ਦੀ ਵਿਕਰੀ ਖੋਲ੍ਹ ਦਿੱਤੀ ਤਾਂ ਨਾਮਧਾਰੀ ਸਮਾਜ ਲਈ ਇਹ ਪਾਣੀ ਸਿਰ ਤੋਂ ਲੰਘ ਜਾਣ ਵਾਲੀ ਗੱਲ ਸੀ। ਉਨ੍ਹਾਂ ਤੋਂ ਇਹ ਸਹਿਨ ਨਾ ਹੋਇਆ। ਉਨ੍ਹਾਂ ਹਰਿਮੰਦਰ ਸਾਹਿਬ ਦੇ ਨੇੜੇ ਅਤੇ ਸ਼ਹਿਰ ਦੇ ਹੋਰ ਹਿੱਸਿਆਂ ’ਚ ਮਾਸ ਵੇਚਣ ਵਾਲਿਆਂ ਨੂੰ ਕਤਲ ਕਰਨਾ ਅਤੇ ਬੁੱਚੜਖਾਨਿਆਂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ। ਅੰਗਰੇਜ਼ਨਾਮਧਾਰੀਆਂ ਦੀਆਂ ਮੰਗਾਂ ਨੂੰ ਮੰਨਣ ਤੋਂ ਮੁਨਕਰ ਹੀ ਰਹੇ ਤੇ ਆਪਣੀ ਪੂਰੀ ਤਾਕਤ ਨਾਲ ਇਸ ਨੂੰ ਦਬਾਉਣ ਲਈ ਸਾਰਾ ਜ਼ੋਰ ਲਗਾ ਦਿੱਤਾ। ਏਸ ਵੇਲੇ ਦੇ ਸਾਰੇ ਹਾਲਾਤ ਤੋਂ ਬੌਖਲਾ ਕੇ ਅੰਗਰੇਜ਼ੀ ਹਕੂਮਤ ਨੇ 66 ਨਾਮਧਾਰੀਆਂ ਨੂੰ ਇੱਕ-ਇੱਕ ਕਰਕੇ ਤੋਪਾਂ ਦੀ ਨਾਲੀ ਮੂਹਰੇ ਬੰਨ੍ਹ ਉਹਨਾਂ ਦੇ ਚੀਥੜੇ ਉਡਾ ਦਿੱਤੇ। ਅੰਗਰੇਜ਼ਾਂ ਨੂੰ ਵਹਿਮ ਸੀ ਕਿ ਅਜਿਹਾ ਕਰਨ ਨਾਲ ਪੰਜਾਬ ਦੇ ਲੋਕ ਡਰ ਜਾਣਗੇ ਪਰ ਦੇਸ਼ ਤੇ ਸਮਾਜ ਲਈ ਮੌਤ ਨੂੰ ਗਲੇ ਲਗਾਉਣ ਵਾਲੇ ਪੰਜਾਬੀ ਹੋਰ ਭੜਕਦੇ ਗਏ।

ਅੰਗਰੇਜ਼ਾਂ ਨੇ ਇਸ ਅੰਦੋਲਨ ਨੂੰ ਅਗਾਂਹ ਵਧਣ ਤੋਂ ਰੋਕਣ ਲਈ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਨੂੰ ਜ਼ਬਰਦਸਤੀ 18 ਜਨਵਰੀ 1872 ਵਾਲੇ ਦਿਨ ਬਰਮਾ ਭੇਜ ਦਿੱਤਾ। ਜਿੱਥੇ ਕੁਝ ਚਿਰ ਬਾਅਦ ਉਹਨਾਂ ਦਾ ਸਵਰਗਵਾਸ ਹੋ ਗਿਆ।

ਪਰ ਪੰਜਾਬ ਨਾਲ ਹੁੰਦੀਆਂ ਵਧੀਕੀਆਂ ਕਰਕੇ ਇਹ ‘‘ਧੂਣੀ ਦੀ ਅੱਗ’’ ਭੱਖਦੀ ਰਹੀ ’ਤੇ ਮੌਕੇ-ਬਰ-ਮੌਕੇ ਆਪਣੀਆਂ ਲਪਟਾਂ ਦਾ ਸੇਕ ਵੀ ਗੋਰਿਆਂ ਨੂੰ ਦਿੰਦੀ ਰਹੀ।

ਇਹੋ ਜਿਹੇ ਅੰਦੋਲਨਾਂ ਦੇ ਚਲਦਿਆਂ ਹੀ ਮਾਸਟਰ ਜੀ ਦਾ ਜਨਮ ਹੋਇਆ। ਉਹ ਸਵਾ ਕੁ ਸਾਲ ਦੀ ਉਮਰ ਦੇ ਸਨ ਜਦੋਂ ਉਹਨਾਂ ਦੇ ਪਿਤਾ ਉਹਨਾਂ ਨੂੰ ਛੱਡ ਕੇ ਪਰਲੋਕ ਸਿਧਾਰ ਗਏ। ਉਹ ਚਾਰ ਸਾਲ ਦੇ ਸਨ ਕਿ ਉਹਨਾਂ ਦੇ ਵੱਡੇ ਭਰਾ ਘਰ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਕੈਨੇਡਾ ’ਚ ਮਜ਼ਦੂਰੀ ਕਰਨ ਤੁਰ ਗਏ। ਛੋਟੀ ਜਿਹੀ ਉਮਰ ’ਚ ਹੀ ਮਾਸਟਰ ਜੀ ਇਨਕਲਾਬੀਆਂ ਅਤੇ ਅਜ਼ਾਦੀ ਦੀ ਲੜਾਈ ਦੇ ਪ੍ਰਭਾਵ ਤੇ ਪ੍ਰੇਰਣਾ ਨਾਲ ਆਪਣਾ ਜ਼ਾਬਤਾ ਹੋਰ ਮਜਬੂਤ ਕਰਦੇ ਰਹੇ। ਲੋਕਾਂ ਦੇ ਨਾਲ ਹੋਏ ਅੱਤਿਆਚਾਰ ਦੀ ਦਾਸਤਾਨ ਸੁਣਦੇ ਹੋਏ ਆਪਣੇ ਦੇਸ਼, ਖਾਸ ਕਰਕੇ ਪੰਜਾਬ ਦੇ ਲੋਕਾਂ ਦੀ ਗੁਹਾਰ ਉਹਨਾਂ ਦੇ ਮੰਨ ਤੇ ਡੂੰਘਾ ਅਸਰ ਛੱਡਦੀ ਰਹੀ। ਜਦੋਂ 1913 ’ਚ ਲਾਲਾ ਹਰਦਿਆਲ ਦੇ ਪ੍ਰਭਾਵ ਤੇ ਪ੍ਰੇਰਣਾ ਨਾਲ ਸੋਹਨ ਸਿੰਘ ਭਕਨਾ, ਵਿਸਾਖਾ ਸਿੰਘ, ਜਵਾਲਾ ਸਿੰਘ ਤੇ ਹੋਰ ਲੋਕਾਂ ਮਿਲ ਕੇ ਗਦਰ ਪਾਰਟੀ ਦੀ ਸਥਾਪਨਾ ਕੀਤੀ ਤਾਂ ਮਾਸਟਰ ਜੀ ਦਾ ਖ਼ੂਨ ਉਸ ਉਮਰੇ ਦਲੇਰੀ ਦੇ ਕੰਮ ਕਰਨ ਲਈ ਖੌਲ ਉੱਠਦਾ ਤੇ ਉਹ ਇਨ੍ਹਾਂ ਅੰਦੋਲਨਾਂ ’ਚ ਹਿੱਸਾ ਲੈ ਕੇ ਅੰਗਰੇਜ਼ਾਂ ਨੂੰ ਆਪਣੇ ਦੇਸ ਵਾਪਸ ਭੇਜਣ ਦੀਆਂ ਤਰਕੀਬਾਂ ਸੋਚਦੇ ਰਹਿੰਦੇ। ਉਨ੍ਹਾਂ ਦੇ ਮਨ ’ਤੇ ਗਦਰੀ ਲੋਕਾਂ ਦਾ ਬਹੁਤ ਪ੍ਰਭਾਵ ਪਿਆ ਕਿਉਂਕਿ ਉਹ ਸੁੱਚੇ ਲੋਕਾਂ ਦੀ ਸੱਚ ਲਈ ਲੜਾਈ ਸੀ। ਗਦਰੀ ਅੰਦੋਲਨ ਸੰਸਾਰ ਵਿਆਪੀ ਬਣਦਾ ਜਾ ਰਿਹਾ ਸੀ। ਜਦੋਂ ਅਮਰੀਕਾ ’ਚ ਸਾਨਫ਼ਰਾਂਸਿਸਕੋ ਵਿਖੇ ਗਦਰ ਪਾਰਟੀ ਦਾ ਹੈਡ ਕੁਆਰਟਰ ਬਣਾਇਆ ਗਿਆ ਉਦੋਂ ਹੀ ਇਸਦੇ ਮੋਢੀਆਂ ਨੇ ਜਾਪਾਨ, ਚੀਨ, ਫਿਜ਼ੀ, ਹਾਂਗਕਾਂਗ ਤੇ ਮਲੇਸ਼ੀਆ ਵਿਖੇ ਵੀ ਇਸ ਦੀਆਂ ਬ੍ਰਾਂਚਾਂ ਖੋਲ੍ਹੀਆਂ ਗਈਆਂ। ਅਮਰੀਕਾ ਤੇ ਕੈਨੇਡਾ ਵਿਚ ਹੋਰ ਕਈ ਥਾਂ ਵੀ ਦਫ਼ਤਰ ਬਣਾਏ ਗਏ ਤਾਂ ਕਿ ਇਹ ਲੜਾਈ ਇਕ ਜੱਥੇਬੰਦਕ ਰੂਪ ਲੈ ਸਾਰੇ ਸੰਸਾਰ ’ਚ ਵਸਿਆ ਸਮੁੱਚਾ ਭਾਈਚਾਰਾ ਇਸ ਦਾ ਹਿੱਸਾ ਬਣ ਸਕੇ। ‘‘ਕਾਮਾਗਾਟਾਮਾਰੂ’’ ਦੀਆਂ ਗੱਲਾਂ ਸੁਣ ਕੇ ਅੱਜ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਇਸ ਘਟਨਾ ਨੇ ਬਾਅਦ ਵਿਚ ਅਜ਼ਾਦੀ ਦੀ ਲੜਾਈ ਤੇ ਡੂੰਘਾ ਅਸਰ ਪਾਇਆ। ਭਾਵੇਂ ਜਾਪਾਨੀ ਜਹਾਜ਼ ‘‘ਕਾਮਾਗਾਟਾਮਾਰੂ’’ ਦੀ ਤੋਰੀ ਤੇ ਰਾਹ ਦੇ ਖ਼ਰਚੇ ਬਾਬਾ ਗੁਰਦਿੱਤ ਸਿੰਘ ਹੁਰਾਂ ਜ਼ਾਤੀ ਆਮਦਨ ’ਚੋਂ ਮੁਹੱਈਆ ਕੀਤੇ ਸਨ ਪਰ ਕੈਨੇਡੀਅਨ ਸਰਕਾਰ ਨੇ ਇਸ ਜਹਾਜ਼ ਦੀ ਆਮਦ ਨੂੰ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ ਤੇ ਕੈਨੇਡਾ ਵਿਖੇ ਪਾਣੀਆਂ ਦੇ ਕਿਨਾਰੇ ਛੋਹਣ ਨਾ ਦਿੱਤੇ। ਨਤੀਜੇ ਵਜੋਂ ਲੋਕਾਂ ਦਾ ਗੁੱਸਾ ਹੋਰ ਵਧਣ ਲੱਗਾ ਤੇ ਖ਼ੂਨ ਉਬਾਲੇ ਖਾਣ ਲੱਗਾ। ਜਦੋਂ ਲੋਕਾਂ ਇਸ ਅੱਤਿਆਚਾਰ ਦੇ ਖਿਲਾਫ਼ ਜਲੂਸ ਕੱਢਿਆ ਤਾਂ ਉੱਥੋਂ ਦੀ ਸਰਕਾਰ ਦੇ ਹੁਕਮ ਨਾਲ ਚੱਲੀ ਗੋਲੀ ਕਾਰਨ ਕਈ ਸ਼ਹੀਦ ਹੋ ਗਏ। ਉਦੋਂ ਹੀ ਇਹ ਫੈਸਲਾ ਅਮਲ ’ਚ ਤਬਦੀਲ ਹੋ ਗਿਆ ਤੇ ਸਿਰੜੀ ਤੇ ਇਰਾਦੇ ਦੇ ਪੱਕੇ ਅਜੀਤ ਸਿੰਘ ਅਤੇ ਮਦਨ ਲਾਲ ਢੀਂਗਰਾ ਤੇ ਹੋਰ ਸਾਥੀਆਂ ਨੂੰ ਖੁਫ਼ੀਆ ਗਤੀਵਿਧੀਆਂ ਦਾ ਜ਼ਿੰਮਾ ਸੰਭਾਲ ਦਿੱਤਾ ਗਿਆ। ਓਧਰ ਇਨਕਲਾਬੀਆਂ ਦੇ ਮਨ ’ਚ ਡਰ ਪੈਦਾ ਕਰਨ ਤੇ ਹੌਸਲੇ ਛੁਡਾ ਦੇਣ ਲਈ ਉਨ੍ਹਾਂ ਦੀ ਜ਼ਬਰਦਸਤ ਫੜੋ ਫੜਾਈ ਸ਼ੁਰੂ ਹੋ ਗਈ। ਨਤੀਜੇ ਵਜੋਂ ਬੇਸ਼ੁਮਾਰ ਇਨਕਲਾਬੀ ਫੜ੍ਹ ਜੇਲ੍ਹਾਂ ’ਚ ਸੁੱਟ ਦਿੱਤੇ ਗਏ। ਕਈ ਗੋਰਿਆਂ ਦੀ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਸ਼ਹੀਦ ਹੋ ਗਏ। 82 ਲੋਕਾਂ ਨੂੰ ਫਾਂਸੀ ਤੇ ਟੰਗ ਦਿੱਤਾ ਗਿਆ।ਕਰਤਾਰ ਸਿੰਘ ਸਰਾਭਾ ਵੀ ਉਨ੍ਹਾਂ ਦਿਨਾਂ ਫਾਂਸੀ ਚੜ੍ਹਾ ਦਿੱਤੇ ਗਏ। ਪਰ ਉਨ੍ਹਾਂ ਵਲੋਂ ਭੱਖਦੀ ‘‘ਧੂਣੀ’’ ’ਚੋਂ ਜਗਾਈ ਰੋਸ਼ਨੀ ਵਾਲੀ ਸ਼ਮਾਂ ਆਪਣਾ ਸੇਕ ਆਸੇ-ਪਾਸੇ ਖਿਲਾਰਦੀ ਰਹੀ। ਉਸ ਸ਼ਮਾ ਨੂੰ ਰੌਸ਼ਨ ਰੱਖਿਆ ਜਾ ਸਕਣ ਲਈ ਇਸ ’ਚ ਸਿੰਘ ਸਭਾ, ਆਰੀਆ ਸਮਾਜ ਤੇ ਅਕਾਲੀਆਂ ਦੀਆਂ ਜੱਥੇਬੰਦੀਆਂ ਵੀ ਸ਼ਾਮਲ ਹੋ ਗਈਆਂ। ਇਸੇ ਤਰ੍ਹਾਂ ਆਰੀਆ ਸਮਾਜ ਅਤੇ ਸਨਾਤਨ ਧਰਮ ਨੇ ਭਾਰਤੀ ਵਿਦਿਆ ਪ੍ਰਣਾਲੀ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ। ਰਾਜਾ ਰਾਮ ਮੋਹਨ ਰਾਏ ਨੇ ਪਿੱਠ ਥਾਪੀ ਤੇ ਸੁਆਮੀ ਵਿਵੇਕਾਨੰਦ ਨੂੰ ਭਾਰਤੀ ਵਿਦਿਆ ਪ੍ਰਣਾਲੀ ਦੇ ਪ੍ਰਸਾਰ ਲਈ ਇਸਦਾ ਮੋਹਰੀ ਬਣਾ ਦਿੱਤਾ। ਕਾਮਾਗਾਟਾ ਮਾਰੂ ਦੀ ਘਟਨਾ ਨੇ ਲੋਕਾਂ ਵਿਚ ਗੁੱਸਾ ’ਤੇ ਆਜ਼ਾਦੀ ਦੀ ਪ੍ਰਾਪਤੀ ਲਈ ਉਤਸ਼ਾਹ ਤਾਂ ਭਰਿਆ ਹੀ ਸੀ ਪਰ ਨਨਕਾਣਾ ਸਾਹਿਬ ਗੁਰਦੁਆਰਾ ਵਿਖੇ ਸੰਗਤਾਂ ਉਪਰ ਅੰਗਰੇਜ਼ਾਂ ਵਲੋਂ ਗੋਲੀਆਂ ਦੀ ਵਾਛੜ ਨੇ ਮਾਸਟਰ ਜੀ ਦਾ ਦਿਲ ਹਿਲਾ ਦਿੱਤਾ। ਉਨ੍ਹਾਂ ਦੇ ਮਨ ’ਚ ਅੰਤਾਂ ਦਾ ਗੁੱਸਾ ਭਰ ਗਿਆ ਕਿ ਜਿਸ ਜ਼ਾਲਿਮ ਹਕੂਮਤ ਨੂੰ ਧਾਰਮਿਕ ਸਥਾਨ ਤੇ ਪਹੁੰਚੇ ਨਿਹੱਥੇ ਲੋਕਾਂ ਨੂੰ ਬੰਦੂਕ ਦੀ ਗੋਲੀ ਨਾਲ ਢੇਰੀ ਕਰਵਾਉਣ ਸਮੇਂ ਤਰਸ ਨਹੀਂ ਆਇਆ, ਉਸ ਨੂੰ ਇਸ ਦੇਸ਼ ਵਿਚੋਂ ਕੱਢ ਕੇ ਹੀ ਸਾਹ ਲੈਣਾ। ਉਦੋਂ ਹੀ ਉਨ੍ਹਾਂ ਕਾਂਗਰਸ ਪਾਰਟੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਾਲ 1921 ’ਚ ਉਨ੍ਹਾਂ ਨੂੰ ਨਕੋਦਰ ਵਿਖੇ ਕਾਂਗਰਸ ਪਾਰਟੀ ਦੇ ਗਰੁਪ ਬਨਾਉਣ ਦੇ ਨਾਲ-ਨਾਲ ਭੜਕੀਲਾ ਭਾਸ਼ਣ ਕਰਨ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਾਸਟਰ ਜੀ ਦੇ ਮੁਤਾਬਕ ਉਨ੍ਹਾਂ ਆਮ ਲੋਕਾਂ ਲਈ ਇਨਸਾਫ਼ ਦੀ ਗੱਲ ਕੀਤੀ ਸੀ, ਪਰ ਸਰਕਾਰੀ ਨਜ਼ਰੇ ਉਹਨਾਂ ਨੂੰ ਇਸ ਵਿਚ ਭੜਕਾਊ ਅੰਸ਼ ਦਿਸੇ ਤਾਂ ਸਰਕਾਰ ਨੇ ਮਾਸਟਰ ਜੀ ਨੂੰ ਗ੍ਰਿਫਤਾਰ ਕਰਕੇ ਇਕ ਸਾਲ ਦੀ ਸਜ਼ਾ ਸੁਣਾ ਮੀਆਂਵਾਲੀ ਜੇਲ੍ਹ ਭੇਜ ਦਿੱਤਾ। ਮਗਰੋਂ ਉਹਨਾਂ ਦੀਆਂ ਜੇਲ੍ਹਾਂ ਤਬਦੀਲ ਹੁੰਦੀਆਂ ਰਹੀਆਂ। ਪਹਿਲੇ ਸਾਲ ਦੀ ਕੈਦ ਕੱਟਣ ਬਾਦ ਉਹ ਕੁਝ ਚਿਰ ਹੀ ਬਾਹਰ ਰਹੇ ਤੇ ਫਿਰ ਜੇਲ੍ਹ ਭੇਜ ਦਿੱਤੇ ਗਏ। ਇਸ ਕੈਦ ਤੋਂ ਉਨ੍ਹਾਂ ਦੀ ਰਿਹਾਈ 1923 ’ਚ ਮਿੰਟਗੁਮਰੀ ਜੇਲ੍ਹ ਤੋਂ ਹੋਈ।

ਇਸੇ ਤਰ੍ਹਾਂ ਫਿਰ ਹੋਰ ਮੁਕੱਦਮੇ ਚੱਲਦੇ ਤੇ ਉਹਨਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਰਿਹਾ। ਜਨਵਰੀ 1927 ਦੇ ਅੰਤ ਵਿਚ ਉਹਨਾਂ ਨੂੰ ਰਾਵਲਪਿੰਡੀ ਜੇਲ੍ਹ ਵਿਚੋਂ ਕੱਢ ਕੇ ਲਾਹੌਰ ਜੇਲ੍ਹ ਵਿੱਚ, ਮੁਲਤਾਨ ਜੇਲ੍ਹ ਦੇ ਕੈਦੀਆਂ ਦੀ ਗਵਾਹੀ ਖਾਤਰ ਭੇਜਣ ਦਾ ਫੈਸਲਾ ਹੋਇਆ। ਇਹ ਸ਼੍ਰੋਮਣੀ ਕਮੇਟੀ ਦੇ ਲੀਡਰਾਂ ਦਾ ਮੁਕੱਦਮਾ ਸੀ। ਪਰ ਸੈਂਟਰਲ ਜੇਲ੍ਹ ਲਾਹੌਰ ਦੇ ਅਧਿਕਾਰੀ ਮਾਸਟਰ ਜੀ ਨੂੰ ਲੈਣ ਲਈ ਇਸ ਕਰਕੇ ਇਨਕਾਰੀ ਸਨ ਕਿ ਕਿਤੇ ਉਹ ਬੱਬਰ ਅਕਾਲੀ ਲਹਿਰ ਦੇ ਅੰਦੋਲਨਕਾਰੀਆਂ ਨਾਲ ਜੇਲ੍ਹ ਵਿਚ ਸੰਪਰਕ ਪੈਦਾ ਨਾ ਕਰ ਲੈਣ। ਮਾਸਟਰ ਜੀ ਨੂੰ ਜੇਲ੍ਹ ਦੇ ਅਧਿਕਾਰੀ ਉਨ੍ਹਾਂ ਨੂੰ ਲੈਣ ਤੋਂ ਇਸ ਕਰਕੇ ਵੀ ਇਨਕਾਰੀ ਸਨ ਕਿਉਂਕਿ ਮਾਸਟਰ ਜੀ ਦੀ ਹਿਸਟਰੀ ਸ਼ੀਟ ’ਤੇ 112 ਪੇਸ਼ੀਆਂ ਦਰਜ ਸਨ। ਭਾਵ ਉਹਨਾਂ ਨੇ ਜੇਲ੍ਹ ਦੇ ਨਿਯਮਾਂ ਦੀ 112 ਵਾਰ ਉਲੰਘਣਾ ਕੀਤੀ ਸੀ। ਅੰਤ ਵਿਚ ਪੁਲਿਸ ਅਤੇ ਡੀ.ਸੀ. ਲਾਹੌਰ ਦੀ ਦਖ਼ਲ ਅੰਦਾਜ਼ੀ ਤੇ ਮਾਸਟਰ ਜੀ ਨੂੰ ਤਿੰਨ ਹਫਤੇ ਸੈਂਟਰਲ ਜੇਲ੍ਹ ਲਾਹੌਰ ਰੱਖਿਆ ਗਿਆ।

ਮਗਰੋਂ ਨਵੰਬਰ 1928 ਵਿਚ ਬੱਬਰ ਅਕਾਲੀਆਂ ਦੀ ਯਾਦ ਮਨਾਉਣ ਦੇ ਜੁਰਮ ਵਿਚ ਮਾਸਟਰ ਜੀ ਨੂੰ ਤਿੰਨ ਸਾਲ ਦੀ ਹੋਰ ਸਜ਼ਾ ਮਿਲੀ। ਉਸਦੇ ਬਾਅਦ ਉਹਨਾਂ ਨੂੰ ਮੀਆਂਵਾਲੀ ਜੇਲ੍ਹ ਭੇਜ ਦਿੱਤਾ ਗਿਆ। ਭਾਵੇਂ ਉਹ ‘ਏ’ ਕਲਾਸ ਕੈਦੀ ਸਨ ਪਰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਹਮਦਰਦੀ ਵਿਚ ਸੱਤਿਆਗ੍ਰਹਿ ਕਰਨ ਕਾਰਣ ਉਹਨਾਂ ਦੀ ਕੈਦ ਅੱਠ ਮਹੀਨੇ ਹੋਰ ਵਧਾ ਦਿੱਤੀ ਗਈ। ਮੀਆਂਵਾਲੀ ਜੇਲ੍ਹ ਨੂੰ ਉਸ ਸਮੇਂ ‘‘ਪੰਜਾਬ ਦਾ ਕਾਲਾ ਪਾਣੀ’’ ਕਿਹਾ ਜਾਂਦਾ ਸੀ। ਉੱਥੇ ਇੰਨੀਆਂ ਹਨ੍ਹੇਰੀਆਂ ਤੇ ਝੱਖੜ ਆਉਂਦੇ ਕਿ ਬੰਦਾ ਆਪਣਾ ਦੂਸਰਾ ਹੱਥ ਵੀ ਨਹੀਂ ਸੀ

(ਬਾਕੀ ਅਗਲੇ ਸਫੇ ਤੇ)

# ਗੱਲ ਇਹਨਾਂ ਨੇ ਸਹਿਜ ਸੁਭਾਅ ਈ ਕਹਿਣੀ ਹੁੰਦੀ ਐ

**ਸੁਰਿੰਦਰ ਸਿੰਘ ਦਾਊਮਾਜਰਾ**

ਗੱਲ ਇਹਨਾ ਨੇ ਸਹਿਜ ਸੁਭਾਅ ਈ ਕਹਿਣੀ ਹੁੰਦੀ ਐ ਪਰ ਸਾਹਮਣੇ ਆਲੇ ਦੇ ਧਰਨ ਪਾ ਦਿੰਦੇ ਐ। ਕੇਰਾਂ ਦਰਵਾਜੇ ਬੈਠੇ।ਕੋਈ ਸਕੂਟਰ ਤੇ ਲੰਘਿਆ, ਬਾਅਲਾ ਸਿੰਪਲ ਜਿਆ ਬੰਦਾ। ਇੱਕ ਕਹਿੰਦਾ ਬੀ ਦੇਖਲੋ ਆਹ ਬੰਦੇ ਕੋਲ ਚਾਲੀ ਕਿੱਲੇ ਜਮੀਨ ਆ, ਪੈਸਾ ਅੱਗ ਲਾਇਆ ਨੀ ਮੁੱਕਦਾ। ਤਿੰਨ ਕ ਵੱਜਦੇ ਤੋ ਪੈੱਗ ਸਟਾਟ ਕਰਨੇ ਆਲਾ ਇੱਕ ਸਾਡਾ ਚਾਚਾ ਵੀ ਬੈਠਾ ਸੀ। ਪਰਨੇ ਦਾ ਲੜ ਸੈੱਟ ਜਿਆ ਕਰਕੇ ਕਹਿੰਦਾ,"ਮੇਰੇਅਰ ਫਿਰ ਤਾ ਟੈਟ ਈ ਰਹਿੰਦਾ ਹੋਊ"

ਕੇਰਾਂ ਸੋਨੀ ਨੇ ਗੱਲ ਸਣਾਈ। ਕਹਿੰਦਾ ਭਾਗੇ ਕਾ ਕੱਟਾ ਮਰ ਗਿਆ।ਸਿਆਲਾਂ ਦੇ ਦਿਨ। ਉਹਨੇ ਜਿਹਨੂੰ ਸਨੇਹਾ ਦਿੱਤਾ ਕੱਟਾ ਚੱਕਣ ਨੂੰ ਉਹ ਵੀ ਸਵੇਰੇ ਈ ਪਾਨਾਗੜ ਆਲੀ ਦੇ ਛੇ ਸੱਤ ਕਾਟ ਲਾ ਕੇ ਉੱਠਦਾ। ਕਹਿੰਦਾ ਆ ਕੇ ਸਵੇਰੇ ਈ ਲੱਦ ਲਿਆ ਸਾਇਕਲ ਤੇ। ਜਦ ਹੱਡਾ ਰੋੜੀ ਚ ਸਿੱਟ ਕੇ ਮੁੜਿਆ ਆਵੇ ਤਾਂ ਐਧਰੋ ਭਾਗਾ ਭੱਜਿਆ ਜਾਵੇ। ਜਦ ਇੱਕ ਦੂਜੇ ਨੂੰ ਮਿਲੇ ਤਾਂ ਭਾਗਾ ਬੋਲਦਾ, ਕਹਿੰਦਾ "ਈਸ਼ਰਾ ਕੱਟਾ ਕਿੱਥੇ ਆ"

ਜਦ ਨੂੰ ਥੋੜੀ ਥੋੜੀ ਧੁੱਪ ਨਿਕਲ ਆਈ ਸੀ। ਈਸਰ ਕਹਿੰਦਾ "ਸਿੱਟ ਕੇ ਆਇਆਂ ਹੁਣੇ"

ਜਦ ਥੋੜਾ ਜਿਆ ਗਾਹਾਂ ਜਾ ਕੇ ਦੇਖਿਆ।ਹੌਲੀ ਹੌਲੀ ਕੱਟਾ ਵੀ ਤੁਰਿਆ ਆਵੇ।



ਭਾਗਾ ਕਹਿੰਦਾ,'ਭਰਦਾਨ ਮਰਿਆ ਹੋਇਆ ਤਾ ਘਰੇ ਪਿਆ ਇਹ ਤਾ ਠੰਡ ਕਰਕੇ ਨੀ ਹਿੱਲਿਆ ਤੂੰ ਇਹੀ ਚੱਕ ਲਿਆਇਆ"

ਈਸ਼ਰ ਕਹਿੰਦਾ 'ਲਾਣੇਦਾਰਾ ਵਧੀ ਹੋਈ ਸੀ ਬਈ ਇਹਦੀ, ਤੂੰ ਦੇਖਲਾ ਬੀ ਜਿਹਨੂੰ ਰੱਬ ਨੇ ਰੱਖਣਾ ਹੁੰਦਾ। ਅੱਜ ਪਹਿਲੀ ਵਾਰ ਰੰਬੀ ਘਰੇ ਭੁੱਲ ਕੇ ਆਇਆਂ, ਨਹੀ ਤਾ 'ਧੇੜ ਦੇਣਾ ਸੀ ਹੁਣ ਨੂੰ"

ਐਂਈ ਸਾਡੇ ਘਰ ਕੋਲੇ ਲਗਦਾ ਹੁੰਦਾ ਬੇਬੇ ਹੋਣਾਂ ਦਾ ਮੇਲਾ। ਪਿਛਲੀਆਂ ਵੋਟਾ ਵੇਲੇ ਦੀ ਗੱਲ ਐ। ਬੁੜੀਆਂ ਬੈਠੀਆਂ ਗੱਲਾਂ ਕਰਨ ਬਾਦਲ ਦੀਆਂ। ਇੱਕ ਕਹਿੰਦੀ ਦੱਸ ਕਹਿੰਦੇ ਬਾਦਲ ਪਿੰਡੋਂ ਪਿੰਡੀਂ ਫਿਰਦਾ ਵੋਟਾਂ ਮੰਗਦਾ। ਢਹਿ ਜਾਣਾ ਕਿਹੜੇ ਵੇਲਿਆਂ ਦਾ ਏ।

ਦੂਜੀ ਕਹਿੰਦੀ ਆਹੋ ਹੋਊ ਭਾਈ ਮੇਰੇ ਖਿਆਲ ਨਾਲ ਅੱਸੀ ਨੱਬੇ ਦਾ।

ਗੱਗੀ ਕੀ ਬੇਬੇ ਕਹਿੰਦੀ "ਲੈ ਦੱਸ ਹੁਣ ਤਾ ਭਾਈ ਮੁੰਡੇ ਨੂੰ ਚਾਹੀਦਾ ਬੀ ਘਰੇ ਬਿਠਾਲ ਕੇ ਰੋਟੀ ਦਵੇ। ਆਹ ਉਮਰ ਚ ਤੁਰਨਾ ਫਿਰਨਾ ਕਿਹੜਾ ਸੌਖਾ"

ਇੱਕ ਨੇ ਸਿਰੇ ਈ ਲਾਤੀ, ਕਹਿੰਦੀ,"ਨੀ ਉਹਦਾ ਕਿਹੜਾ ਜੀਅ ਕਰਦਾ ਹੋਊ, ਵਿਚਾਰਾ ਢਿੱਡ ਦਾ ਮਾਰਿਆ ਉਹ ਤੁਰਿਆ ਫਿਰਦਾ"

ਸਾਡੇ ਪੁਰਾਣਾ ਟਰੱਕ ਡਰੈਵਰ ਆ। ਕਹਿੰਦਾ ਬਈ ਜਦ ਦਰਾਹੇ ਆਲਾ ਪੁਲ ਬਣਿਆ ਉਦੋ ਕ ਦੀ ਗੱਲ ਐ।ਪਿੰਡ ਨੂੰ ਆਉਣਾ ਸੀ।ਛਿਟ ਛਿਟ ਲੱਗੀ ਹੋਈ। ਦਰਾਹਾ ਨਿਕਲਦੇ ਈ ਕਲੀਡਰ ਕਹਿੰਦਾ ਉਸਤਾਦ ਰੇਸ ਦੱਬ ਭੋਰਾ ਬੇਜਤੀ ਆਲੀ ਗੱਲ ਐ,ਮੇਰੇ ਸਾਲੇ ਦਾ ਰਿਕਸ਼ੇ ਆਲਾ ਈ ਬਰਾਬਰ ਲਾਈਂ ਆਉਦਾ ਨਾਲ ਹੱਥ ਖੜੇ ਕਰਦਾ। ਕਹਿੰਦਾ ਰੇਸ ਪੈਤੀਂ ਕ ਤੇ ਕਰਤੀ।ਬਰਮਾਲੀਪੁਰ ਆਲੇ ਟੋਟੇ ਤੇ ਦੇਖਿਆ ਰਿਕਸ਼ੇ ਆਲਾ ਫਿਰ ਬਰਾਬਲ ਲਾਂਈ ਆਵੇ। ਕਲੀਂਡਰ ਕਹਿੰਦਾ ਉਸਤਾਦ ਹੋਰ ਖਿੱਚ।ਰੇਸ ਪੰਜਾਹ ਤੇ ਕਰਤੀ। ਰਿਕਸ਼ੇ ਆਲਾ ਫਿਰ ਹੱਥ ਮਾਰੇ। ਕਹਿੰਦਾ ਮਖਾ ਗੱਡੀ ਰੋਕ ਕੇ ਈ ਦੇਖਦੇ ਆਂ। ਜਦ ਉੱਤਰ ਕੇ ਕੋਲ ਗਏ।ਰਿਕਸ਼ੇ ਆਲਾ ਲੋਹਾ ਲਾਖਾ ਹੋਇਆ ਪਿਆ, ਕਹਿੰਦਾ ਮੇਰੇ ਅਰ ਦਰਾਹੇ ਤੋ ਹੱਥ ਖੜੇ ਕਰਦਾ ਆਉਨਾ ਬੀ ਰੋਕਲੋ ਉਏ ਰੋਕਲੋ ਉਏ। ਆਹ ਥੋਡੇ ਡਾਲੇ ਦਾ ਕੁੰਡਾ ਹੈਂਡਲ ਚ ਫਸਿਆ ਹੋਇਆ।

# ਆਜ਼ਾਦੀ ਤੋਂ ਪਹਿਲਾਂ ਦਾ ਪੰਜਾਬ

(ਸਫਾ 17 ਦੀ ਬਾਕੀ)

ਦੇਖ ਸਕਦਾ। ਉਦੋਂ ਹੀ ਬਾਬਾ ਰੂੜ੍ਹ ਸਿੰਘ ਜੀ ਬਿਮਾਰ ਹੋ ਗਏ।ਮਾਸਟਰ ਜੀ ਨੂੰ ਉਨ੍ਹਾਂ ਨੂੰ ਦੇਖਣ ਦੀ ਆਗਿਆ ਮਿਲ ਗਈ। ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਵੀ ਉਦੋਂ ਜੇਲ੍ਹ ਪਹੁੰਚ ਚੁੱਕੇ ਸਨ। ਉਹਨਾਂ ਨੂੰ ਬਾਬਾ ਰੂੜ੍ਹ ਸਿੰਘ ਦੇ ਨੇੜੇ ਹੀ ਬੰਦ ਕੀਤਾ ਹੋਇਆ ਸੀ। ਬਾਬਾ ਜੀ ਦਾ ਹਾਲ ਪੁੱਛਣ ਮਗਰੋਂ ਮਾਸਟਰ ਜੀ ਸਰਦਾਰ ਭਗਤ ਸਿੰਘ ਕੋਲ ਪਹੁੰਚ ਗਏ ਤੇ ਕਾਫੀ ਦੇਰ ਵਿਚਾਰ ਵਟਾਂਦਰਾ ਕਰਦੇ ਰਹੇ। ਉਨ੍ਹਾਂ ਭਗਤ ਸਿੰਘ ਨੂੰ ਇਹ ਸਲਾਹ ਵੀ ਦਿੱਤੀ ਕਿ ਉਹ ਇਸ ਹਨ੍ਹੇਰੀ 'ਤੇ ਝੱਖੜ ਦਾ ਫਾਇਦਾ ਚੁੱਕਦਿਆਂ ਜੇਲ੍ਹ ਚੋਂ ਫਰਾਰ ਹੋ ਜਾਣ ਕਿਉਂਕਿ ਮਾਸਟਰ ਜੀ ਸਮਝਦੇ ਸਨ ਕਿ ਸ. ਭਗਤ ਸਿੰਘ ਵਰਗੇ ਸਿਰੜੀ ਤੇ ਸਿਆਣੇ ਬੰਦੇ ਨੂੰ ਜ਼ਿੰਦਾ ਰਹਿ ਕੇ ਹਾਲੇ ਹੋਰ ਬਹੁਤ ਸਾਰੇ ਕੰਮ ਕਰਨੇ ਚਾਹੀਦੇ ਹਨ ਪਰ ਭਗਤ ਸਿੰਘ ਨਾ ਮੰਨੇ ਤੇ ਕਹਿੰਦੇ ''ਜੇ ਮੈਂ ਇਸ ਤਰ੍ਹਾਂ ਇਥੋਂ ਚਲਾ ਗਿਆ ਤਾਂ ਮੇਰੇ ਸਾਥੀ ਇਸ ਨੂੰ ਧੋਖਾ ਸਮਝਣਗੇ।'' ਇੱਥੋਂ ਤੀਕ ਕਿ ਮਾਸਟਰ ਜੀ ਅਤੇ ਹੋਰ ਸਾਥੀਆਂ ਦੇ ਕਹਿਣ ਤੇ ਡਾਕੇ ਦੇ ਇਕ ਕੈਦੀ ਝੰਡੇ ਗੁੱਜਰ ਨੇ ਇਕ ਪਿਸਤੌਲ ਤੇ ਲੋਹਾ ਕੱਟਣ ਵਾਲੀ ਆਰੀ ਵੀ ਜੇਲ੍ਹ 'ਚ ਪਹੁੰਚਵਾ ਦਿੱਤੀ ਸੀ। ਪਰ ਭਗਤ ਸਿੰਘ ਦੇ ਇਨਕਾਰ ਕਾਰਨ ਮਾਸਟਰ ਜੀ ਦੀ ਇਹ ਖਾਹਿਸ਼ ਅਧੂਰੀ ਰਹੀ।

ਉਸ ਵੇਲੇ ਤੀਕ ਅੰਗਰੇਜ਼ਾਂ ਦੀ ਸੋਚ ਹੀ ਇਹ ਬਣ ਚੁੱਕੀ ਸੀ ਸੀ ਕਿ ਜੋ ਵੀ ਉਨ੍ਹਾਂ ਦੇ ਖਿਲਾਫ ਗੱਲ ਕਰੇ ਉਸ ਉਪਰ ਮੁਕੱਦਮਾ ਠੋਕੋ ਤੇ ਜੇਲ੍ਹ 'ਚ ਸੁੱਟ ਦਿਉ। ਇਸੇ ਤਰ੍ਹਾਂ ਮਾਸਟਰ ਜੀ ਤੇ ਕਈ ਹੋਰ ਮੁਕੱਦਮੇ ਥੋਪ ਉਹਨਾਂ ਨੂੰ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ।

ਉਸ ਸਮੇਂ ਇਹ ਜੇਲ੍ਹ ਕੈਦੀਆਂ ਨਾਲ ਸਖ਼ਤੀ ਵਰਤਣ 'ਚ ਸਭ ਤੋਂ ਤਿੱਖੀ ਜੇਲ੍ਹ ਗਿਣੀ ਜਾਂਦੀ ਸੀ। ਜਦੋਂ ਮਾਸਟਰ ਜੀ ਨੇ ਦੇਖਿਆ ਕਿ ਉੱਥੇ ਕੈਦੀਆਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਹੋ ਰਿਹਾ ਹੈ। ਉੱਥੇ ਨਾ ਨਹਾਉਣ ਲਈ ਸਾਬਣ ਅਤੇ ਨਾ ਤੌਲੀਆ ਮਿਲਦਾ ਸੀ, ਸਗੋਂ ਉੱਥੇ ਦੇ ਕੈਦੀ ਗਿੱਲੇ ਕੱਪੜੇ ਬਦਲ ਕੇ ਸੁੱਕੇ ਪਾਉਣ ਲਈ ਕੋਈ ਪਰਦਾ ਨਾ ਹੋਣ ਕਾਰਨ ਸਾਰੇ ਕੈਦੀਆਂ ਦੇ ਸਾਹਮਣੇ ਨੰਗੇ ਹੋ ਕੇ ਸੁੱਕੇ ਕੱਪੜੇ ਪਾਉਣ ਲਈ ਮਜਬੂਰ ਸਨ। ਭਾਵੇਂ ਪਿਓ ਤੇ ਪੁੱਤਰ ਇੱਕੋ ਹੀ ਜੇਲ੍ਹ ਵਿਚ ਹੋਣ, ਫਿਰ ਵੀ ਉਹਨਾਂ ਨੂੰ ਇਕ ਦੂਸਰੇ ਦੇ ਸਾਹਮਣੇ ਅਲਫ਼ ਨੰਗੇ ਹੋ ਕੇ ਆਪਣੇ ਕੱਪੜੇ ਬਦਲਣੇ ਪੈਂਦੇ ਸਨ। ਮਾਸਟਰ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਤੇ ਜੇਲ੍ਹ ਅਧਿਕਾਰੀਆਂ ਦੀ ਨੀਂਦ ਉਡਾ ਦਿੱਤੀ। ਉਦੋਂ ਜੇਲ੍ਹ ਵਿਚ ਸਿਰਫ਼ ਇਕ ਕੰਬਲ ਮਿਲਦਾ ਸੀ ਤੇ ਖਾਣਾ ਅਜਿਹਾ ਕਿ ਜਾਨਵਰ ਵੀ ਗਵਾਰਾ ਨਾ ਕਰਨ। ਕੈਦੀਆਂ ਦੇ ਗਲੇ ਵਿਚ ਇਕ ਲੋਹੇ ਦੀ ਹੰਸਲੀ ਪਾਈ ਜਾਂਦੀ ਸੀ, ਨਾਲ ਹੀ ਇਕ ਇਕ ਫੱਟੀ ਪਾਈ ਜਾਂਦੀ ਸੀ ਜਿਸ ਉੱਪਰ ਕੈਦੀ ਦਾ ਨਾਂਅ, ਪਤਾ, ਜ਼ੁਰਮ, ਕੈਦ ਤੇ ਰਿਹਾਈ ਦੀਆਂ ਤਰੀਕਾਂ ਲਿਖੀਆਂ ਹੁੰਦੀਆਂ ਸਨ। ਜਿਸ ਤੋਂ ਉਹ ਕੈਦੀ ਦਿਸੇ ਜਾਂ ਕਹਿ ਲਓ ਕਿ ਇਹ ਕੈਦੀ ਦੀ ਨਿਸ਼ਾਨੀ ਹੁੰਦੀ ਸੀ। ਜੇਲ੍ਹ 'ਚ ਕੈਦੀਆਂ ਦੀ ਜ਼ਿੰਦਗੀ ਨਰਕ ਤੋਂ ਵੀ ਭੈੜੀ ਹੁੰਦੀ ਸੀ। ਮਾਸਟਰ ਜੀ ਇਸ ਤੋਂ ਹੋਰ ਦੁਖੀ ਹੋ ਗਏ ਤੇ ਸੋਚਣ ਲੱਗੇ ਕਿ ਅਜਿਹੀ ਜ਼ਿੰਦਗੀ ਤਾਂ ਨਰਕ ਤੋਂ ਵੀ ਭੈੜੀ ਹੈ। ਉਹ ਇਸ ਜੇਲ੍ਹ ਨੂੰ ਹੋਰ ਜੇਲ੍ਹਾਂ ਨਾਲ ਮਿਲਾਉਣ ਲੱਗੇ। ਕਾਲੇ ਪਾਣੀ 'ਚ ਭੇਜੇ ਜਾਂਦੇ ਕੈਦੀਆਂ ਦੀ ਦਸ਼ਾ ਬਾਰੇ ਸੋਚਦੇ ਹੀ ਉਨ੍ਹਾਂ ਦਾ ਗੁੱਸਾ ਭੜਕਣ ਲੱਗਦਾ। ਸੁਭਾਅ ਦੇ ਜ਼ਿੱਦੀ ਓਹ ਹੈਨ ਹੀ ਸਨ ਤੇ ਉਦੋਂ ਉਹਨਾਂ ਤੇ ਜੇਲ੍ਹ ਸੁਧਾਰ ਕਰਾਉਣ ਦੀ ਜ਼ਿੱਦ ਹਾਵੀ ਹੋ ਗਈ। ਆਪਣੀ ਆਵਾਜ਼ ਬੁਲੰਦ ਕਰਨ ਦੇ ਇਵਜ਼ 'ਚ ਮਾਸਟਰ ਜੀ ਨੂੰ ਮੁਲਤਾਨ ਜੇਲ੍ਹ 'ਚ ਹੀ ਇਕ ਹਨ੍ਹੇਰੀ ਤੇ ਬੰਦ ਕੋਠੜੀ ਵਿਚ ਕੈਦ ਰੱਖਿਆ ਗਿਆ। ਉਨ੍ਹਾਂ ਦੇ ਪੈਰਾਂ ਵਿਚਕਾਰ ਲੋਹੇ ਦਾ ਸਰੀਆ ਬੰਨ੍ਹਿਆ ਗਿਆ। ਜਿਸ ਨਾਲ ਦੋਵੇਂ ਪੈਰ ਇਕੱਠੇ ਨਹੀਂ ਸਨ ਹੋ ਸਕਦੇ ਤੇ ਤੁਰਨਾ-ਫਿਰਨਾ ਵੀ ਬਹੁਤ ਔਖਾ ਸੀ। ਮੁਲਤਾਨ ਜੇਲ੍ਹ ਵਿਚ ਹੀ ਮਾਸਟਰ ਜੀ ਨੂੰ 5 ਮਹੀਨੇ ਤਕ ਬੋਰੀ ਦੇ ਟਾਟਾਂ ਦੇ ਕਪੜੇ ਪਹਿਨਾਏ ਗਏ। ਮੁਲਤਾਨ ਜੇਲ੍ਹ 'ਚ ਹੀ ਉਨ੍ਹਾਂ ਨੂੰ 30 ਬੈਂਤਾਂ ਦੀ ਸਜ਼ਾ ਸੁਣਾਈ ਗਈ। ਬੈਂਤਾਂ ਦੀ ਮਾਰ ਇੰਨੀ ਜ਼ਾਲਮ 'ਤੇ ਦੁੱਖਦਾਇਕ ਹੁੰਦੀ ਸੀ ਕਿ ਆਮ ਬੰਦਾ ਸਹਿ ਨਹੀਂ ਸਕਦਾ। ਪਰ ਮਾਸਟਰ ਜੀ ਨੇ ਗੋਬਿੰਦਪੁਰ 'ਚ ਆਪਣੇ ਪੇਂਡੂਆਂ ਨੂੰ ਦੱਸਿਆ ਕਿ ਜਦੋਂ ਉਹਨਾਂ ਨੂੰ ਬੈਂਤ ਪੈਂਦੇ ਤਾਂ ਉਹ ਪਰਮਾਤਮਾ ਨੂੰ ਧਿਆਉਣ ਲੱਗ ਪੈਂਦੇ ਤੇ ਉਨ੍ਹਾਂ ਨੂੰ ਪਤਾ ਵੀ ਨਾ ਲੱਗਦਾ ਕਿ ਬੈਂਤਾਂ ਦਾ ਦਰਦ ਕੀ ਹੁੰਦਾ ਤੇ ਲੱਗਦਾ ਕਿ ਉਹਨਾਂ ਦੀ ਰੂਹ ਵਿਚ ਰੱਬ ਖੁਦ ਆ ਜਾਂਦਾ ਹੋਵੇ।

ਈਸ਼ਵਰ ਉਨ੍ਹਾਂ 'ਚ ਸਾਕਸ਼ਾਤ ਬਿਰਾਜਮਾਨ ਹੋਵੇ ਤੇ ਹਰ ਬੈਂਤ ਦੀ ਮਾਰ ਤੇ ਉਹ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨਾਲ ਉਹ ਸਾਰੀ ਜੇਲ੍ਹ ਗੂੰਜਾ ਦਿੰਦੇ। ਸਾਰੇ ਕੈਦੀ ਤੇ ਜੇਲ੍ਹ ਅਧਿਕਾਰੀ ਹੈਰਾਨ ਸਨ ਕਿ ਉਹ ਕਿਸ ਮਿੱਟੀ ਦੇ ਬਣੇ ਹੋਏ ਹਨ, ਜਿਨ੍ਹਾਂ ਇੰਨੇ ਬੈਂਤ ਖਾਂਦਿਆਂ ਵੀ ਸੀਅ ਤਕ ਨਹੀਂ ਸੀ ਕੀਤੀ। ਇਨ੍ਹਾਂ ਬੈਂਤਾਂ ਦੀ ਸਜ਼ਾ ਮਗਰੋਂ ਉਹ ਕਾਫ਼ੀ ਜ਼ਖ਼ਮੀ ਹੋ ਗਏ ਸਨ ਤੇ ਸਰੀਰ ਲਹੂ ਲੁਹਾਣ ਸੀ ਤੇ ਸੈੱਲ ਵਿਚ ਹੀ ਉਨ੍ਹਾਂ ਦਾ ਦਵਾ ਦਾਰੂ ਕੀਤਾ ਗਿਆ।

ਇਸ ਸਜ਼ਾ ਦੇ ਸਿੱਟੇ ਵਜੋਂ ਜੇਲ੍ਹ ਸੁਧਾਰ ਸੰਭਵ ਹੋਏ ਤੇ ਲਾਲਾ ਲਾਜਪਤ ਰਾਏ ਦੇ ਇਕ ਮਿੱਤਰ ਜਿਹੜੇ ਕਿ ਪਹਿਲਾਂ ਕਰਨਲ ਤੇ ਉਹਨਾਂ ਦਿਨਾਂ ਵਿਚ ਮੈਂਬਰ ਪਾਰਲੀਮੈਂਟ ਸਨ, ਨੇ ਬੈਂਤਾਂ ਦੀ ਸਜ਼ਾ ਦਾ ਮੁੱਦਾ ਪਾਰਲੀਮੈਂਟ ਵਿਚ ਉਠਾਇਆ ਪਰ ਕਿਉਂਕਿ ਮੁਕੱਦਮਾ ਕਚਹਿਰੀ ਵਿਚ ਸੀ, ਇਸ ਲਈ ਸਰਕਾਰ ਨੇ ਇਸ ਪ੍ਰਸ਼ਨ ਦਾ ਕੋਈ ਉੱਤਰ ''ਸਬਜੂਡਾਈਸ'' ਕਹਿ ਕੇ ਟਾਲ ਦਿੱਤਾ ਪਰ ਫਿਰ ਵੀ ਸਰਕਾਰ ਨੇ ਇਕ ਕਮਿਸ਼ਨ ਨਿਯੁਕਤ ਕੀਤਾ, ਜਿਸਨੇ ਜੇਲ੍ਹ ਸੁਧਾਰ ਦੀਆਂ ਮੰਗਾਂ ਨੂੰ ਅੱਗੇ ਤੁਰਨ 'ਚ ਕਾਫੀ ਮਦਦ ਕੀਤੀ। ਇਸ ਕਮਿਸ਼ਨ ਵਲੋਂ ਜੇਲ੍ਹਾਂ 'ਚ ਹੋ ਰਹੇ ਤਸ਼ੱਦਦ ਦੀ ਵਿਆਖਿਆ ਤੇ ਉਨ੍ਹਾਂ 'ਚ ਸੁਧਾਰ ਦੀ ਸਿਫਾਰਸ਼ ਦੇ ਸਿੱਟੇ ਵਜੋਂ ਜੇਲ੍ਹ 'ਚ ਪਏ ਕੈਦੀਆਂ ਨੂੰ ਗਰਮੀਆਂ ਸਮੇਂ ਇਕ ਤੌਲੀਆ, ਥੱਲੇ ਵਿਛਾਉਣ ਲਈ ਇਕ ਚਾਦਰ ਮੁਹੱਈਆ ਹੋਣ ਲੱਗੀ। ਕੈਦੀ ਦੇ ਗਲੇ ਵਿਚ ਪਾਈ ਜਾਂਦੀ ਹੰਸਲੀ ਵੀ ਲੱਥ ਗਈ ਤੇ ਅੱਗੇ ਤੋਂ ਇਸ ਨੂੰ ਨਾ ਪਾਉਣ ਦੀ ਹਦਾਇਤ ਕੀਤੀ ਗਈ। ਹਰੇਕ ਕੈਦੀ ਨੂੰ ਸਵਾ ਰੁਪਏ ਮਹੀਨਾ ਤਨਖ਼ਾਹ ਲਗਾਈ ਗਈ, ਜਿਸ ਵਿਚੋਂ ਅੱਧੇ ਪੈਸਿਆਂ 'ਚ ਕੈਦੀ ਗੁੜ ਆਦਿ ਖਰੀਦ ਸਕਦਾ ਸੀ ਤੇ ਬਾਕੀ ਦੀ ਅੱਧੀ ਰਕਮ ਕੈਦੀ ਦੇ ਖਾਤੇ 'ਚ ਜਮ੍ਹਾ ਕੀਤੀ ਜਾਂਦੀ ਸੀ।

ਮੁਲਤਾਨ ਜੇਲ੍ਹ 'ਚ ਵੀ ਮਾਸਟਰ ਜੀ ਤੇ ਦੁਬਾਰਾ ਮੁਕੱਦਮਾ ਚਲਾਇਆ ਗਿਆ ਅਤੇ ਉਨ੍ਹਾਂ ਦੀ ਕੈਦ ਡੇਢ ਸਾਲ ਹੋਰ ਵਧਾ ਦਿੱਤੀ ਗਈ। ਉਹਨਾਂ ਨੂੰ 'ਵੰਦੇ ਮਾਤਰਮ' ਕੇਸ 'ਚ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ। ਬਾਅਦ 'ਚ ਕੈਂਬਲਪੁਰ, ਰਾਵਲਪਿੰਡੀ ਅਤੇ ਲਾਹੌਰ ਕੇਂਦਰੀ ਜੇਲ੍ਹਾਂ ਤੋਂ ਬਾਅਦ ਮੀਆਂਵਾਲੀ ਜੇਲ੍ਹ ਭੇਜ ਦਿੱਤਾ ਗਿਆ। 1931 ਵਿਚ ਗਾਂਧੀ-ਇਰਵਨ ਪੈਕਟ ਹੋਣ 'ਤੇ ਡੀ.ਸੀ. ਮੀਆਂਵਾਲੀ ਨੇ ਮਾਸਟਰ ਜੀ ਦੀ ਸੱਤ ਮਹੀਨੇ ਕੈਦ ਮਨਸੂਖ ਕਰਨ ਦੀ ਖੁਸ਼ਖ਼ਬਰੀ ਸੁਣਾਈ ਪਰ ਸਰਕਾਰ ਦੀ ਤਾਰ ਆ ਗਈ ਕਿ ਮਾਸਟਰ ਜੀ ਨੂੰ ਰਿਹਾਅ ਨਾ ਕੀਤਾ ਜਾਵੇ। ਸੋ ਡੀ.ਸੀ. ਸਾਹਿਬ ਨੇ ਸੱਤ ਮਹੀਨਿਆਂ ਦੀ ਕੈਦ ਫਿਰ ਬਹਾਲ ਕਰ ਦਿੱਤੀ। ਅਪ੍ਰੈਲ 1932 ਵਿਚ ਮਾਸਟਰ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਨਾਲ ਹੀ ਉਨ੍ਹਾਂ ਦੀ ਨਿਗਰਾਨੀ ਲਈ ਇੱਕ ਸਿਪਾਹੀ ਨਿਯੁਕਤ ਕਰ ਦਿੱਤਾ ਗਿਆ। ਇਸ ਲਈ ਆਪ ਰਿਹਾਅ ਹੁੰਦੇ ਹੋਏ ਵੀ ਕੈਦੀ ਸਮਾਨ ਸਨ।

1932 ਦੇ ਅੰਤ ਵਿਚ ਕਾਂਗਰਸ ਦਾ ਸਲਾਨਾ ਇਜਲਾਸ ਕਲਕੱਤੇ ਵਿਚ ਹੋਣਾ ਸੀ। ਤੇ ਮਾਸਟਰ ਜੀ ਨੂੰ ਇਜਲਾਸ ਤੋਂ ਚਾਰ ਦਿਨ ਪਹਿਲਾਂ ਗ੍ਰਿਫ਼ਤਾਰ ਕਰਕੇ ਇਜਲਾਸ ਤੋਂ ਚਾਰ ਦਿਨ ਬਾਅਦ ਰਿਹਾਅ ਕੀਤਾ ਗਿਆ।

ਮਾਸਟਰ ਜੀ ਹਮੇਸਾਂ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ 'ਚ ਹੀ ਬੋਲਦੇ ਸਨ। ਉਨ੍ਹਾਂ ਦੀ ਇਸ ਪਹੁੰਚ ਨੇ ਰਿਆਸਤ ਵਿਚ ਕਿਸਾਨ ਅੰਦੋਲਨ ਕਾਰਨ ਉਨ੍ਹਾਂ ਦਾ ਇਕ ਸਾਲ ਲਈ ਕਪੂਰਥਲਾ ਰਿਆਸਤ 'ਚ ਦਾਖ਼ਲਾ ਬੰਦ ਕਰ ਦਿੱਤਾ ਗਿਆ। ਇਸ ਲਈ ਉਹਨਾਂ ਨੇ ਰਿਆਸਤ ਕਪੂਰਥਲਾ ਦੀ ਸਰਹੱਦ 'ਤੇ ਜਾ ਕੇ ਜਲਸੇ ਕਰਨੇ ਤੇ ਭਾਸ਼ਣ ਦੇਣੇ ਆਰੰਭ ਕਰ ਦਿੱਤੇ।

ਮਗਰੋਂ ਉਹਨਾਂ ਦੀ ਸਾਰੇ ਪੰਜਾਬ ਵਿਚ ਜ਼ੁਬਾਨ ਬੰਦੀ ਕਰ ਦਿੱਤੀ ਗਈ। ਜਿਸ ਤੋਂ ਤੰਗ ਆ ਕੇ ਮਾਸਟਰ ਜੀ ਨੇ ਇਕ ਸਪਤਾਹਿਕ ਅਖ਼ਬਾਰ ''ਦੁਖੀ ਕਿਸਾਨ'' ਕੱਢਣਾ ਸ਼ੁਰੂ ਕਰ ਦਿੱਤਾ। ਕੁਝ ਚਿਰ ਬਾਅਦ ਇਸ ਅਖ਼ਬਾਰ ਦੀ ਇੱਕ ਹਜ਼ਾਰ ਰੁਪਏ ਦੀ ਜ਼ਮਾਨਤ ਜਬਤ ਕਰਕੇ ਪੰਜ ਹਜ਼ਾਰ ਰੁਪਏ ਦੀ ਜ਼ਮਾਨਤ ਦੀ ਮੰਗ ਕੀਤੀ ਗਈ। ਇਹ ਨਵੀਂ ਜ਼ਮਾਨਤ ਨਾ ਦੇ ਸਕਣ ਕਾਰਨ ਉਹਨਾਂ ਨੂੰ ਇਹ ਅਖ਼ਬਾਰ ਬੰਦ ਕਰਨਾ ਪਿਆ। ਮਾਸਟਰ ਜੀ ਪੰਜਾਬ ਅਸੈਂਬਲੀ ਲਈ ਉਮੀਦਵਾਰ ਵਜੋਂ ਵੀ ਖੜੇ ਹੋਏ। ਲੋਕਾਂ ਵਲੋਂ ਉਹਨਾਂ ਨੂੰ ਵੋਟਾਂ ਰਾਹੀਂ ਬਹੁਤ ਵਧੀਆ ਹੁੰਗਾਰਾ ਮਿਲਿਆ। ਆਪਦੀ ਸ਼ਾਨਦਾਰ ਜਿੱਤ ਹੋਈ। ਉਨ੍ਹਾਂ ਦੇ ਪ੍ਰੈਸ ਉੱਤੇ ਚਾਰ ਮੁਕੱਦਮੇ ਚਲਾਏ ਗਏ। ਇੱਕ ਮੁਕੱਦਮੇ ਵਿੱਚ ਜ਼ੁਰਮਾਨੇ ਦੇ ਨਾਲ ਸਜ਼ਾ ਵੀ ਹੋਈ। ਅੰਤ ਵਿਚ ਆਪਨੇ ਪ੍ਰੈਸ ਬੰਦ ਕਰ ਦਿੱਤੀ। ਅਸਲ ਵਿਚ ਸਰਕਾਰ ਚਾਹੁੰਦੀ ਸੀ ਕਿ ਮਾਸਟਰ ਜੀ ਜਲੰਧਰ ਵਿਚ ਨਾ ਰਹਿਣ ਤੇ ਦੇਸ਼-ਭਗਤਾਂ ਦੇ ਠਹਿਰਣ ਲਈ ਕੋਈ ਠਿਕਾਣਾ ਨਾ ਬਚੇ। ਪਰ ਮਾਸਟਰ ਜੀ ਜਲੰਧਰ ਵਿਚ ਹੀ ਟਿਕੇ ਰਹੇ। ਉਦੋਂ ਹੀ ਸ. ਬੇਲਾ ਸਿੰਘ ਤੇ ਸਰਦਾਰ ਅਨੂਪ ਸਿੰਘ ਵਿਰੁੱਧ ਕਤਲ ਕੇਸਾਂ ਦੇ ਸੱਤ ਵਾਅਦਾ ਮੁਆਫ ਗਵਾਹਾਂ ਨੂੰ ਮਾਸਟਰ ਜੀ ਨੇ ਮੁਕਰਾ ਦਿੱਤਾ। ਇਸ ਗੱਲ ਦਾ ਪ੍ਰਗਟਾਵਾ ਸਰ ਸਿਕੰਦਰ ਨੇ ਪੰਜਾਬ ਅਸੈਂਬਲੀ ਵਿਚ ਵੀ ਕੀਤਾ ਸੀ।

1937 ਵਿਚ ਉਹਨਾਂ ਦੇ ਭਰਾ ਦੀ ਵਿਦੇਸ਼ ਵਿਚ ਮੌਤ ਹੋ ਗਈ ਪਰ ਮਾਸਟਰ ਜੀ ਨੂੰ ਭਰਾ ਦੇ ਬੱਚਿਆਂ ਨੂੰ ਮਿਲਣ ਜਾਣ ਲਈ ਸਰਕਾਰ ਵਲੋਂ ਪਾਸਪੋਰਟ ਨਹੀਂ ਦਿੱਤਾ ਗਿਆ। ਅਖੀਰ ਕੈਨੇਡਾ ਸਰਕਾਰ ਦੀ ਦਖ਼ਲਅੰਦਾਜ਼ੀ ਤੇ ਉਨ੍ਹਾਂ ਨੂੰ ਮਈ 1940 ਵਿੱਚ ਪਾਸਪੋਰਟ ਮਿਲ ਗਿਆ ਪਰ ਜੂਨ ਮਹੀਨੇ ਵਿੱਚ ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਮੁਜ਼ੱਫ਼ਰਗੜ੍ਹ ਤੇ ਫਿਰ ਦੇਵਲੀ ਜੇਲ੍ਹ ਭੇਜ ਦਿੱਤਾ ਗਿਆ। ਦੇਵਲੀ ਜੇਲ੍ਹ ਵਿਚ ਭੁੱਖ ਹੜਤਾਲ ਕਾਰਨ ਆਪਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਤਾਂ ਸਰਕਾਰ ਨੇ ਨਵੰਬਰ ਵਿਚ ਆਪ ਨੂੰ ਰਿਹਾਅ ਕਰ ਦਿੱਤਾ ਪਰ ਛੇਤੀ ਹੀ ਫਿਰ ਗ੍ਰਿਫ਼ਤਾਰ ਕਰਕੇ ਗੁਜਰਾਤ ਜੇਲ੍ਹ ਭੇਜ ਦਿੱਤਾ। ਉਪਰੰਤ ਕਈ ਜੇਲ੍ਹਾਂ ਦੀ ਸੈਰ ਕਰਵਾਈ।ਅਖੀਰ ਉਹਨਾਂ ਨੂੰ ਧਰਮਸ਼ਾਲਾ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਪਰ ਅਪ੍ਰੈਲ ਮਹੀਨੇ ਵਿਚ ਫਿਰ ਗ੍ਰਿਫ਼ਤਾਰ ਕਰਕੇ ਇੱਕ ਸਾਲ ਦੀ ਕੈਦ ਵਜੋਂ ਮਿਦਨਾਪੁਰ ਜੇਲ੍ਹ ਵਿਚ ਰੱਖਿਆ ਗਿਆ। ਉਸ ਜੇਲ੍ਹ ਵਿਚ ਮਾਸਟਰ ਜੀ ਨੇ 122 ਦਿਨ ਦੀ ਭੁੱਖ ਹੜਤਾਲ ਕੀਤੀ ਤੇ ਸਿੱਟੇ ਵਜੋਂ ਉਹਨਾਂ ਦਾ ਕਾਫੀ ਭਾਰ ਘੱਟ ਗਿਆ। ਉਸ ਵੇਲੇ ਉਹ ਮੌਤ ਦੇ ਕਿਨਾਰੇ ਪਹੁੰਚ ਚੁਕੇ ਸਨ। ਉਹਨਾਂ ਨੂੰ ਰਿਹਾਅ ਕਰਕੇ ਕਲਕੱਤਾ ਵਿਖੇ ਕੁਝ ਸਿੱਖ ਮਿੱਤਰਾਂ ਦੇ ਹਵਾਲੇ ਕਰ ਦਿੱਤਾ ਗਿਆ।

ਜੇਲ੍ਹੋਂ ਰਿਹਾ ਹੋ ਕੇ ਉਹ ਇਕ ਕਮਿਊਨਿਸਟ ਉਮੀਦਵਾਰ ਦੇ ਮੁਕਾਬਲੇ ਤੇ ਮੈਂਬਰ ਅਸੈਂਬਲੀ ਚੁਣੇ ਗਏ। 1948 ਵਿਚ ਉਹ ਜਲੰਧਰ ਮਿਉਂਸਪੈਲਟੀ ਦੇ ਪ੍ਰਧਾਨ ਚੁਣੇ ਗਏ ਅਤੇ ਭਾਰਗੋ ਵਜ਼ਾਰਤ ਸਮੇਂ ਪਾਰਲੀਮੇਂਟਰੀ ਸਕੱਤਰ ਰਹੇ।

1949 ਵਿਚ ਕੈਨੇਡਾ, ਇੰਗਲੈਂਡ, ਸਵਿਟਰਜ਼ਰਲੈਂਡ, ਚੈਕੋਸਲੋਵਾਕੀਆ ਅਤੇ ਬੈਲਜੀਅਮ ਆਦਿ ਦੀ ਸੈਰ ਕਰਦੇ ਹੋਏ ਛੇ ਮਹੀਨੇ ਬਾਅਦ ਵਾਪਸ ਭਾਰਤ ਪਰਤ ਆਏ।

ਬਾਅਦ ਵਾਲਾ ਸਮਾਂ ਉਹ ਜਲੰਧਰ ਹੀ ਟਿਕੇ ਰਹੇ ਪਰ ਰਾਜਨੀਤਕ ਗਤੀਵਿਧੀਆਂ 'ਚ ਸਰਗਰਮ ਹਿੱਸਾ ਨਾ ਲਿਆ। ਇਸ ਦੌਰਾਨ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਉਚੇਚਾ ਪ੍ਰਬੰਧ ਕਰਦੇ ਰਹੇ ਪਰ ਇਕ ਸਮੇਂ ਦੌਰਾਨ ਉਨ੍ਹਾਂ ਪੰਜਾਬੀ ਦਾ ਸਪਤਾਹਿਕ ਅਖ਼ਬਾਰ ਪੰਜਾਬੀ ਜਨਤਾ ਵੀ ਪ੍ਰਕਾਸ਼ਿਤ ਕਰਦੇ ਰਹੇ।

ਪਰ ਅਖੀਰ 1962 ਵਿਚ ਉਹ ਆਪਣੇ ਜੱਦੀ ਪਿੰਡ ਗੋਬਿੰਦਪੁਰ ਪਰਤ ਆਏ ਤੇ ਬਾਕੀ ਦੀ ਉਮਰ ਆਪਣੇ ਪਿੰਡ ਦੀ ਭਲਾਈ ਅਤੇ ਵਿਕਾਸ ਲੇਖੇ ਲਗਾਉਣ ਦੀ ਠਾਣ ਲਈ। ਜ਼ਿਦਗੀ ਦੇ ਆਖਰੀ ਸਮੇਂ ਆਖਰੀ ਸਮੇਂ ਤੀਕ ਆਪਣੈ ਪਿੰਡ ਤੇ ਆਸੇ ਪਾਸੇ ਦੇ ਇਲਾਕੇ ਦੇ ਕੰਮ ਕਰਵਾਉਂਦੇ ਰਹੇ ਅਤੇ ਪਿੰਡ ਦੀ ਸਰਪੰਚੀ ਵੀ ਕੀਤੀ।

ਮਾਸਟਰ ਜੀ ਦੀ ਸਰਪ੍ਰਸਤੀ ਹੇਠ ਪਿੰਡ ਦੇ ਸਕੂਲ ਦਾ ਸਾਰਾ ਨਕਸ਼ਾ ਅਤੇ ਬਿਲਡਿੰਗ ਦੀ ਉਸਾਰੀ ਮਾਸਟਰ ਜੀ ਦੇ ਯੋਗਦਾਨ ਸਦਕਾ ਹੋਈ। ਆਪ ਜੀ ਦੀਆਂ ਕੋਸ਼ਿਸ਼ਾਂ ਸਦਕੇ 1965 ਵਿਚ ਉਸ ਵੇਲੇ ਦੇ ਵਿਦਿਆ ਮੰਤਰੀ ਸ੍ਰੀ ਪ੍ਰਬੋਧ ਚੰਦਰ ਜੀ ਵਲੋਂ ਇਸ ਸਕੂਲ ਨੂੰ ਦੇਸ਼ ਭਗਤ ਮੈਮੋਰੀਅਲ ਹਾਇਰ ਸੈਕੰਡਰੀ ਸਕੂਲ ਵਜੋਂ ਅੱਪਗ੍ਰੇਡ ਕਰਨ ਦਾ ਐਲਾਨ ਕਰਨ ਉਪਰੰਤ ਨੀਂਹ ਪੱਥਰ ਰੱਖਿਆ ਗਿਆ। ਮਗਰੋਂ ਇਹ ਸਕੂਲ ਹਾਈ ਪੱਧਰ ਦਾ ਕੀਤਾ ਗਿਆ। ਇਹਨਾਂ ਕੰਮਾਂ ਤੋਂ ਇਲਾਵਾ ਮਾਸਟਰ ਜੀ ਨੇ ਨਿਰੋਲ ਆਪਣੇ ਯਤਨਾਂ ਸਦਕਾ ਪਿੰਡ ਦੇ ਲੋਕਾਂ ਨੂੰ ਦਾਨ ਕਰਨ ਲਈ ਪ੍ਰੇਰਿਆ, ਜਿਸ ਨਾਲ ਪਿੰਡ ਵਿਚ ਪੰਚਾਇਤ ਘਰ, ਪਟਵਾਰਖਾਨਾ, ਪਸ਼ੂਆਂ ਦਾ ਹਸਪਤਾਲ ਅਤੇ ਡਿਸਪੈਂਸਰੀ ਆਦਿ ਅਨੇਕ ਕਾਰਜ ਨੇਪਰੇ ਚਾੜ੍ਹੇ। ਇਹਨਾਂ ਸਾਰੇ ਕਾਰਜਾਂ ਵਿਚ ਕੋਈ ਸਰਕਾਰੀ ਪੈਸਾ ਖ਼ਰਚ ਨਹੀਂ ਕਰਵਾਇਆ। ਸਗੋਂ ਸਾਰਾ ਖ਼ਰਚ ਪਿੰਡ ਦੇ ਲੋਕਾਂ ਵਲੋਂ ਦਾਨ ਵਿਚ ਦਿੱਤਾ ਗਿਆ। ਆਜ਼ਾਦੀ ਦੀ ਲੜਾਈ ਤੇ ਹੋਰ ਸਮਾਜਿਕ ਕੰਮਾਂ ਨੂੰ ਨੇਪਰੇ ਚਾੜ੍ਹਨ ਵਿਚ ਮਾਸਟਰ ਜੀ ਦੇ ਰੋਲ ਦੀ ਲਿਸਟ ਤਾਂ ਬਹੁਤ ਲੰਬੀ ਹੈ, ਪਰ ਇਥੇ ਇਹ ਕਹਿਣਾ ਤਾਂ ਵਾਜਬ ਹੋਵੇਗਾ ਕਿ ਉਹ ਇਕ ਅਣਖੀਲੇ, ਜ਼ਬਾਨ ਦੇ ਪੱਕੇ, ਦੇਸ਼ ਨੂੰ ਆਜ਼ਾਦ ਕਰਾਉਣ ਤੇ ਇਨਸਾਨੀਅਤ ਦੀ ਰਾਖੀ ਲਈ ਆਪਣੀ ਜ਼ਿੰਦਗੀ ਦਾਅ 'ਤ ਲਾਉਣ ਵਾਲੇ ਇਨਸਾਨ ਸਨ। ਉਨ੍ਹਾਂ ਬਹੁਤ ਸਾਰੇ ਇਨਕਲਾਬੀਆਂ ਨਾਲ ਮਿਲ ਕੇ ਆਪੋ ਆਪਣੇ ਨਜ਼ਰੀਏ ਤੇ ਢੰਗ ਮੁਤਾਬਕ ਆਜ਼ਾਦੀ ਦੀ ਜੰਗ ਲੜੀ।


ਇਸੇ ਲੜਾਈ ਲਈ ਲੜਾਈ ਲੜਦੇ ਲੜਦੇ ਨਾਮੀ ਇਨਕਲਾਬੀ ਤੇ ਉਨ੍ਹਾਂ ਦੇ ਸਾਥੀ, ਅੰਗਰੇਜ਼ੀ ਹਕੂਮਤ ਦੀਆਂ ਵਧੀਕੀਆਂ ਜਾਂ ਹੋਰ ਗੱਲਾਂ ਦਾ ਸ਼ਿਕਾਰ ਹੁੰਦਿਆਂ ਸ਼ਹੀਦ ਵੀ ਹੁੰਦੇ ਗਏ। ਮਾਸਟਰ ਜੀ ਨੇ ਤਾਂ ਸਾਨੂੰ ਵਿਛੋੜਾ 1974 'ਚ ਦਿੱਤਾ ਪਰ ਲਾਲਾ ਲਾਜਪਤ ਰਾਏ, ਰਾਮ ਪ੍ਰਸਾਦ ਬਿਸਮਲ, ਅਸ਼ਫਾਕ ਖਾਨ, ਭਗਤ ਸਿੰਘ, ਸੁਖਦੇਵ, ਰਾਜਗੁਰੂ ਤੇ ਹੋਰ ਬਹੁਤ ਸਾਰੇ ਇਨਕਲਾਬੀ ਆਜ਼ਾਦੀ ਦੀ ਸਵੇਰ ਦੇਖਣ ਤੋਂ ਕਾਫੀ ਸਮਾਂ ਪਹਿਲਾਂ ਹੀ ਸਾਨੂੰ ਛੱਡ ਤੁਰ ਗਏ।

ਭਗਤ ਸਿੰਘ, ਸੁਖਦਏਵ ਤੇ ਰਾਜਗੁਰੂ ਦੀ ਫਾਂਸੀ ਦਾ ਪੰਜਾਬ ਤੇ ਸਮੁੱਚੇ ਭਾਰਤ ਦੀ ਜਨਤਾ ਤੇ ਡੂੰਘਾ ਅਸਰ ਪਿਆ ਕਿਉਂਕਿ ਅੰਗਰੇਜ਼ਾਂ ਨੇ ਸਾਰੇ ਮਾਪ ਦੰਡ ਖਤਮ ਕਰਕੇ ਇੰਨਾ ਨੂੰ ਸਮੇਂ ਤੋਂ ਇਕ ਦਿਨ ਪਹਿਲਾਂ ਹੀ ਫਾਂਸੀ ਤੇ ਲਟਕਾ ਦਿੱਤਾ ਸੀ। ਇਨ੍ਹਾਂ ਦੇ ਮਾਪੇ ਤੇ ਹੋਰ ਲੋਕ ਜਦ ਇਨ੍ਹਾਂ ਨੂੰ ਆਖਰੀ ਵੇਰ ਮਿਲਣ ਆਏ ਤਾਂ ਉਹ ਦੁਨੀਆਂ ਤੋਂ ਜਾ ਚੁੱਕੇ ਸਨ। ਅੰਗਰੇਜ਼ਾਂ ਨੇ ਉਨ੍ਹਾਂ ਦੇ ਮ੍ਰਿਤਕ ਸਰੀਰਾਂ ਨੂੰ ਜੇਲ੍ਹ ਦੇ ਪਿਛਲੇ ਪਾਸੇ ਤੋਂ ਗਾਇਬ ਕਰ ਫਿਰੋਜ਼ਪੁਰ ਭੇਜ ਦਿੱਤਾ ਸੀ, ਜਿੱਥੇ ਉਨ੍ਹਾਂ ਦੇ ਸੰਸਕਾਰ ਦਾ ਪ੍ਰਬੰਧ ਪਹਿਲੋਂ ਹੀ ਕੀਤਾ ਹੋਇਆ ਸੀ। ਅੰਗਰੇਜ਼ਾਂ ਨੂੰ ਖਦਸ਼ਾ ਸੀ ਕਿ ਲੋਕੀ ਇਨ੍ਹਾਂ ਇਨਕਲਾਬੀਆਂ ਦੇ ਮ੍ਰਿਤਕ ਸਰੀਰਾਂ ਨੂੰ ਦੇਖ ਕੇ ਭੜਕ ਨਾ ਜਾਣ ਪਰ ਸਮੇਂ ਨੂੰ ਕੌਣ ਟਾਲ ਸਕਦਾ ਹੈ? ਜਦ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਚਾਰੋਂ ਪਾਸੇ ਗੰਮ ਦੀ ਲਹਿਰ ਦੌੜ ਗਈ।

ਉੱਧਰ ਚੰਦਰ ਸ਼ੇਖ਼ਰ ਆਜ਼ਾਦ ਵੀ ਕਾਫੀ ਪਹਿਲੋਂ ਆਪਣੀ ਖੁਦ ਦੀ ਗੋਲੀ ਦਾ ਸ਼ਿਕਾਰ ਹੋ ਚੁੱਕੇ ਸਨ। ਸੁਭਾਸ਼ ਚੰਦਰ ਬੋਸ ਇਕ ਹਵਾਈ ਹਾਦਸੇ ਦਾ ਸ਼ਿਕਾਰ ਹੋ ਸਾਡੇ ਤੋਂ ਵਿਛੜ ਗਏ ਸਨ। ਊਧਮ ਸਿੰਘ ਇਸ ਤੋਂ ਪਹਿਲਾਂ ਹੀ ਇੰਗਲੈਂਡ ਵਿਖੇ ਫਾਂਸੀ ਚੜ੍ਹਾ ਦਿੱਤੇ ਗਏ ਸਨ। ਇਸ ਤਰ੍ਹਾਂ ਬਹੁਤ ਸਾਰੇ ਇਨਕਲਾਬੀ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਆਪੋ ਆਪਣਾ ਰੋਲ ਅਦਾ ਕਰਦੇ ਪਰਲੋਕ ਤੁਰ ਚੁਕੇ ਸਨ। 13 ਦਸੰਬਰ 1974 ਵਾਲੇ ਦਿਨ ਮਾਸਟਰ ਜੀ ਵੀ ਆਪਣੇ ਪਿੰਡ ਵਾਲੇ ਘਰ ਵਾਹਿਗੁਰੂ ਨੂੰ ਪਿਆਰੇ ਹੋ ਗਏ। ਸਵਰਗਵਾਸੀ ਮਾਸਟਰ ਜੀ ਦੀ ਰਸਮ ਭੋਗ 'ਤੇ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਜੀ ਤੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਸ. ਸਵਰਨ ਸਿੰਘ, ਜੋ ਕਿ ਹੋਰਨਾਂ ਨੇਤਾਵਾਂ ਅਤੇ ਉੱਚ ਅਧਿਕਾਰੀਆਂ ਸਮੇਤ ਪੱਚੀ ਦਸੰਬਰ ਉਨੀ ਸੌ ਚੁਹੱਤਰ ਨੂੰ ਪਿੰਡ ਗੋਬਿੰਦਪੁਰ ਵਿਖੇ ਸ਼ਾਮਲ ਹੋਏ ਸਨ ਤੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਐਲਾਨ ਕੀਤਾ ਕਿ ਇਸ ਸਕੂਲ ਦਾ ਨਾਂਅ ਮਾਸਟਰ ਕਾਬਲ ਸਿੰਘ ਜੀ ਦੇ ਨਾਂਅ 'ਤੇ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਉਹਨਾਂ ਦੇ ਭੋਗ ਸਮੇਂ ਮਸ਼ਹੂਰ ਪੱਤਰਕਾਰ, ਨੇਤਾ, ਸਮਾਜਿਕ ਕਾਮੇ ਬਹੁਤ ਗਿਣਤੀ ਵਿਚ ਸ਼ਾਮਲ ਹੋਏ। ਲੋਕਾਂ ਦੇ ਹਰਮਨ ਪਿਆਰੇ ਤੇ ਮਿਹਨਤਕਸ਼ ਇਨਕਲਾਬੀ ਮਾ. ਕਾਬਲ ਸਿੰਘ ਹੋਰਾਂ ਦੀਆਂ ਅੱਖਾਂ ਸਾਹਮਣੇ ਅੰਗਰੇਜ਼ ਭਾਰਤ ਤੋਂ ਵਿਦਾ ਹੋ ਗਏ, ਰਾਜ ਬਦਲੇ, ਤਿਰੰਗਾ ਲਹਿਰਾਇਆ, ਲੋਕਾਂ 'ਚ ਖੁਸ਼ੀ ਦੀ ਲਹਿਰ ਦੌੜੀ ਤੇ ਆਮ ਆਦਮੀ ਦੀ ਇਕ ਉਮੀਦ ਬੱਝੀ ਕਿ ਆਮ ਮਜ਼ਦੂਰ ਤੇ ਕਿਸਾਨ ਦੇ ਉੱਦਮ ਤੇ ਮਿਹਨਤ ਦਾ ਨਜ਼ਰਾਨਾ ਮਿਲਣ ਦੀ ਸੰਭਾਵਨਾ ਇਸ ਸਵੇਰ ਨਾਲ ਸ਼ੁਰੂ ਹੋ ਜਾਵੇਗੀ। ਇਨਕਲਾਬੀ ਤੁਰ ਗਏ, ਮਾਸਟਰ ਜੀ ਵੀ ਤੁਰ ਗਏ ਪਰ ਅੱਜ ਆਜ਼ਾਦੀ ਦੇ 65 ਸਾਲ ਬਾਅਦ ਵੀ ਭਾਰਤ ਦਾ ਗਰੀਬ ਉਹੀ ਸੁਪਨੇ ਸੰਜੋਈ ਬੈਠਾ। ਆਸ ਦੀ ਇਕ ਕਿਰਨ ਲਈ ਬੈਠਾ, ਜਿਸ ਵਿਚ ਓਹ ਆਪਣੀ ਮਿਹਨਤ ਦਾ ਸਹੀ ਮੁਆਵਜ਼ਾ ਮਿਲਣ ਦੀ ਉਡੀਕ ਕਰ ਰਿਹਾ ਤੇ ਸੁਪਨੇ ਉਣ ਰਿਹਾ ਕਿ ਉਹ ਆਪਣੇ ਪਰਿਵਾਰ 'ਚ ਖੁਸ਼ੀ ਖੁਸ਼ੀ ਅਤੇ ਆਪਣੀ ਇਸ ਧਰਤੀ ਤੇ ਇੱਜ਼ਤ ਨਾਲ ਰਹਿ ਸਕੇ।

# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ 'ਤੇ ਇੱਕ ਝਾਤ

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ 'ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ 'ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ 'ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਸੰਨ 1827 ਵਿੱਚ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। ਜੋ ਮੁਗ਼ਲ ਸ਼ਹਿਨਸ਼ਾਹ ਅਕਬਰ ਦੇ ਸਭ ਤੋਂ ਖਾਸ ਸਾਥੀਆਂ ਵਿੱਚੋਂ ਮੰਨੇ ਜਾਂਦੇ ਸਨ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ 'ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਦੂਜਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜ਼ੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਸਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ 'ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਅੱਜ ਕੱਲ ਇਹੀ ਟਰੱਸਟ ਫ਼ਰੀਦਕੋਟ ਰਿਆਸਤ ਦੀ ਵਿਰਾਸਤ ਨੂੰ ਸਾਂਭ ਰਿਹਾ ਹੈ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਹੁਣ ਉਹਨਾਂ ਦੀ ਇਕਲੌਤੀ ਪੁੱਤਰੀ ਮਹਾਰਾਣੀ ਦੀਪਇੰਦਰ ਕੌਰ ਜੋ ਵਰਧਮਾਨ ਦੇ ਰਾਜਾ ਸਦਾ ਸਿੰਘ ਮਹਿਤਾਬ ਨਾਲ ਵਿਆਹੀ ਹੋਈ ਹੈ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ 'ਤੇ ਮਨਾਹੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਹਾਲ ਹੀ ਵਿੱਚ ਸਿੱਖ ਰਿਆਸਤ ਦੀ ਭਵਨ ਕਲਾ ਬਾਰੇ ਕਿਤਾਬ ਲਿਖੀ ਹੈ ਜਿਸ ਨੂੰ ਆਰੀਅਨ ਪਬਲੀਕੇਸ਼ਨ ਵੱਲੋਂ ਛਾਪਿਆ ਗਿਆ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ।



ਬਾਬਾ ਸ਼ੇਖ ਫਰੀਦ ਜੀ

**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ 90 ਸਾਲ ਬਜ਼ੁਰਗ ਵਕੀਲ ਦੇਵ ਕੁਮਾਰ ਬੇਦੀ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ਼ ਦਿੱਤਾ ਜਾਂਦਾ ਸੀ।

ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ ਅਤੇ ਪੜ੍ਹੇ-ਲਿਖੇ ਅਗਾਂਹ ਵਧੂ ਸ਼ਾਸ਼ਕ ਸਨ।


ਪ੍ਰਮੋਦ ਧੀਰ ਜੈਤੋ
91-98550-31081

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।


7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ । ਫਿਰ ਨਵੰਬਰ 1995 ਵਿੱਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫੀ ਘਟ ਗਿਆ। ਇਸਦਾ ਕੁੱਲ ਖੇਤਰਫਲ 1475.60 ਵਰਗ ਕਿਲੋਮੀਟਰ ਹੈ। ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ।








ਫਰੀਦਕੋਟ ਜ਼ਿਲੇ ਦੀਆਂ ਇਤਿਹਾਸਕ ਇਮਾਰਤਾਂ



# ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਕਦੋਂ 'ਤੇ ਕਿਵੇਂ ਹੋਈ?

ਜ਼ਿਲ੍ਹਾ ਫਰੀਦਕੋਟ ਵਿਖੇ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਹਰ ਸਾਲ 19 ਤੋਂ 23 ਸਤੰਬਰ ਤੱਕ 12ਵੀ ਸਦੀ ਦੇ ਮਹਾਨ ਸੂਫੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਦੇ ਪੰਜ ਰੋਜ਼ਾ ਆਗਮਨ ਪੁਰਬ ਨੂੰ ਬੜੇ ਹੀ ਸ਼ਰਧਾ ਪੂਰਵਕ ਤਰੀਕੇ ਨਾਲ ਵੱਡੇ ਪੱਧਰ ਮਨਾਇਆ ਜਾ ਰਿਹਾ ਹੈ। ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਕਦੋਂ 'ਤੇ ਕਿਵੇਂ ਹੋਈ? ਇਸ ਬਾਰੇ ਇਹ ਤੱਥ ਸਾਹਮਣੇ ਆਏ ਹਨ ਕਿ ਸੇਵਾਦਾਰਾਂ ਨੂੰ ਇਸ ਸਥਾਨ ਦੀ ਸੇਵਾ ਸ਼ੁਰੂ ਕਰਨ ਤੋਂ ਬਾਅਦ ਇੱਕ ਗੱਲ ਹਮੇਸ਼ਾ ਸੋਚਾਂ ਵਿੱਚ ਡੋਬ ਦਿੰਦੀ ਸੀ ਕਿ ਇਸ ਸ਼ਹਿਰ ਵਿੱਚ ਵਸਣ ਵਾਲੇ ਲੋਕਾਂ ਨੂੰ ਬਾਬਾ ਫ਼ਰੀਦ ਜੀ ਦੇ ਇਤਿਹਾਸ ਅਤੇ ਉਨ੍ਹਾਂ ਦੀ ਬਾਣੀ ਬਾਰੇ ਕਿਵੇਂ ਜਾਣੂੰ ਕਰਵਾਇਆ ਜਾਵੇ। ਇਸ ਗੱਲ ਦਾ ਜਵਾਬ ਕੁਦਰਤ ਵੱਲੋਂ ਪ੍ਰਬੰਧਕਾਂ ਦੇ ਮਨ ਵਿੱਚ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਮਨਾਉਣ ਦੇ ਰੂਪ ਵਿੱਚ ਸਾਹਮਣੇ ਆਇਆ। ਜ਼ਿਕਰਯੋਗ ਹੈ ਕਿ 1969 ਤੋਂ ਪਹਿਲਾਂ ਫਰੀਦਕੋਟ ਦੇ ਇਲਾਕੇ ਜਾਂ ਪੰਜਾਬ ਵਿੱਚ ਬਾਬਾ ਫ਼ਰੀਦ ਜੀ ਦੀ ਯਾਦ ਵਿੱਚ ਨਾ ਹੀ ਕੋਈ ਆਗਮਨ ਪੁਰਬ ਅਤੇ ਨਾ ਹੀ ਕੋਈ ਮੇਲਾ ਮਨਾਇਆ ਜਾਂਦਾ ਸੀ। ਬਾਬਾ ਫ਼ਰੀਦ ਜੀ ਅਤੇ ਫ਼ਰਦੀਕੋਟ ਸ਼ਹਿਰ ਦੇ ਰਜਵਾੜਾਸ਼ਾਹੀ ਇਤਿਹਾਸ ਦੀ ਘੋਖ ਕਰਨ ਤੋਂ ਬਾਅਦ ਇਤਿਹਾਸਕ ਤੱਥਾਂ ਮੁਤਾਬਿਕ 23 ਸਤੰਬਰ ਨੂੰ ਹਰ ਸਾਲ ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ ਵਿੱਚ ਆਗਮਨ ਦੀ ਯਾਦ ਵਿੱਚ ਆਗਮਨ ਪੁਰਬ ਮਨਾਉਣ ਦਾ ਫੈਸਲਾ ਕੀਤਾ ਗਿਆ। ਇਹ ਗੱਲ 1960-61 ਦੀ ਹੈ ਉਸ ਸਮੇਂ ਜੈਨਟ ਲਿਚਟੀ ਤੇ ਮਾਈਕਲ ਐਲਗਜੈਂਡਰ ਜੋ ਵਿਦੇਸ਼ ਤੋਂ ਭਾਰਤ ਘੁੰਮਣ ਲਈ ਆਏ ਸਨ। ਜਦੋਂ ਉਹ ਪੰਜਾਬ ਵਿੱਚ ਫਰੀਦਕੋਟ ਵਿਖੇ ਆਏ ਤਾਂ ਉਹ ਉਸ ਸਮੇਂ ਇੰਦਰਜੀਤ ਸਿੰਘ ਜੀ ਕੋਲ ਰਹੇ। ਉਨ੍ਹਾਂ ਨੂੰ ਜਦੋਂ ਫਰੀਦਕੋਟ ਰਿਆਸਤ ਦੀਆਂ ਇਤਿਹਾਸਕ ਬਿਲਡਿੰਗਾਂ ਦਿਖਾਈਆਂ ਤਾਂ ਇਸ ਦੌਰਾਨ ਸੈਰ ਕਰਦੇ ਹੋਏ ਉਹ ਬਾਬਾ ਫ਼ਰੀਦ ਜੀ ਦੇ ਸਥਾਨ ਨੂੰ ਵੇਖਣ ਲਈ ਗਏ।

ਜਦੋਂ ਵਿਦੇਸ਼ੀ ਸੈਲਾਨੀਆਂ ਨੂੰ ਨਾਲ ਲੈ ਕੇ ਟਿੱਲਾ ਸਾਹਿਬ ਪੁੱਜੇ ਤਾਂ ਵੇਖਿਆ ਕਿ ਸਾਰਾ ਫਰਸ਼ ਕੱਚਾ ਹੈ, ਕੋਈ ਪੱਕੀ ਬਿਲਡਿੰਗ ਨਹੀਂ ਹੈ ਅਤੇ ਉਥੇ ਕੁੱਝ ਕੁੱਤੇ ਅਤੇ ਗਧੇ ਠੰਡੀ ਛਾਂ ਵਿੱਚ ਮੌਜਾਂ ਮਾਣ ਰਹੇ ਸਨ 'ਚੌਗਿਰਦਾ ਦੀਆਂ ਕੰਧਾਂ ਡਿੱ-ਗੀਆਂ ਹੋਈਆਂ ਸਨ। ਉਸ ਸਮੇਂ ਇਸ ਸਥਾਨ 'ਤੇ ਇੱਕ ਗੁੰਬਦ-ਨੁਮਾ ਕਮਰੇ ਵਿੱਚ ਬਾਬਾ ਜੀ ਦੇ ਹੱਥ ਛੋਹ ਵਾਲੀ ਮੁਤਬਰਕ ਵਣ ਦੀ ਲੱਕੜ ਤੋਂ ਇਲਾਵਾ ਕੁਝ ਨਹੀਂ ਸੀ ਤੇ ਇਹ ਗੁੰਬਦ ਖਸਤਾ ਹਾਲਤ ਵਿੱਚ ਸੀ। ਜ਼ਿਕਰਯੋਗ ਹੈ ਕਿ ਉਸ ਸਮੇਂ ਟਿੱਲਾ ਬਾਬਾ ਫ਼ਰੀਦ ਜੀ ਦੇ ਸਥਾਨ 'ਤੇ ਸਾਰੇ ਇਲਾਕੇ ਵਿੱਚ ਹਰ ਰੋਜ਼ 3 ਤੋਂ 4 ਸਰਧਾਲੂ ਹੀ ਆਉਂਦੇ ਸਨ ਅਤੇ ਨਾ ਹੀ ਇਸ ਇਲਾਕੇ ਵਿੱਚ ਕਿਸੇ ਨੂੰ ਬਾਬਾ ਫਰੀਦ ਜੀ ਦੇ ਇਤਿਹਾਸ ਜਾਂ ਬਾਣੀ ਬਾਰੇ ਕੋਈ ਜਾਣਕਾਰੀ ਸੀ। ਉਸ ਸਮੇਂ ਖਾਲਸਾ ਜੀ ਵੀ ਫ਼ਰੀਦ ਜੀ ਦੇ ਅਤੇ ਫ਼ਰੀਦਕੋਟ ਦੇ ਇਤਿਹਾਸ ਤੋਂ ਜਾਣੂੰ ਨਹੀਂ ਸਨ। ਇਸ ਲਈ ਵਿਦੇਸ਼ ਤੋਂ ਆਏ ਸੈਲਾਨਿਆਂ ਦੇ ਬਹੁਤੇ ਸਵਾਲਾਂ ਦਾ ਜਵਾਬ ਨਾ ਦੇ ਸਕੇ। ਦਰਸ਼ਨ ਕਰਨ ਤੋਂ ਬਾਅਦ ਜਦੋਂ ਵਿਦੇਸ਼ੀ ਸੈਲਾਨੀ ਬਾਹਰ ਆਏ ਤਾਂ ਜੈਨਟ ਲਿਚਟੀ ਅੰਗਰੇਜ਼ੀ ਵਿੱਚ ਕਹਿਣ ਲੱਗੀ "ਤੁਸੀਂ ਤਾਂ ਕਹਿੰਦੇ ਹੋ ਇਸ ਸੰਤ ਨੂੰ ਸਾਰੇ ਲੋਕ ਮੰਨਦੇ ਹਨ, ਪਰ ਮੈਨੂੰ ਲੱਗਦਾ ਹੈ ਕਿ ਇਸ ਨੂੰ ਮੰਨਣ ਵਾਲੇ ਲੋਕ ਇਸ ਇਲਾਕੇ ਵਿੱਚ ਰਹਿੰਦੇ ਹੀ ਨਹੀਂ।" ਇਹ ਸੁਣਨ ਤੋਂ ਬਾਅਦ ਉਨ੍ਹਾਂ ਦੇ ਨਾਲ ਗਏ ਹੋਏ ਸਾਥੀ ਸ਼ਰਮਸਾਰ ਹੋ ਗਏ ਅਤੇ ਕੋਈ ਜਵਾਬ ਨਾ ਦੇ ਸਕੇ। ਇਸ ਤੋਂ ਬਾਅਦ ਕੁਦਰਤ ਦੀ ਕਰਨੀ ਕੀ ਹੋਈ ਕਿ 25 ਸਤੰਬਰ 1969 ਨੂੰ ਇਸ ਸਥਾਨ ਦੀ ਸੇਵਾ ਇੰਦਰਜੀਤ ਸਿੰਘ ਖਾਲਸਾ ਨੂੰ ਮਿਲੀ ਅਤੇ ਇਨਾਂ ਦਾ ਸਹਿਯੋਗ ਰਣਜੀਤ ਸਿੰਘ ਵੈਹਣੀਵਾਲ ਨਾਮਵਰ ਐਡਵੋਕੇਟ ਨੇ ਕੀਤਾ। ਉਸ ਸਮੇਂ ਗੁੰਬਦਨੁਮਾ ਕਮਰਾ ਜਿਸ ਵਿੱਚ ਵਣ ਦੀ ਪਵਿੱਤਰ ਲੱਕੜ ਅਤੇ ਇੱਕ ਨੁੱਕਰ ਵਿੱਚ ਬਣੇ ਛੋਟੇ ਜਿਹੇ ਕਮਰੇ ਦੀ ਅਲਮਾਰੀ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਾਹਿਬ ਸੀ, ਪਰ ਮਰਿਯਾਦਾ ਮੁਤਾਬਿਕ ਕੋਈ ਸੰਭਾਲ ਨਹੀ ਸੀ ਹੋ ਰਹੀ ਅਤੇ ਉਸ ਕਮਰੇ ਦੀ ਹਾਲਤ ਬਹੁਤ ਖਸਤਾ ਸੀ। ਜਿਸ ਤੋਂ ਬਾਅਦ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਇਸ ਕਮੇਟੀ ਨੂੰ ਰਜਿਸਟਰਡ ਬਾਡੀ ਦੇ ਰੂਪ ਵਿੱਚ ਕਾਨੂੰਨ ਰਾਹੀਂ ਪੱਕਾ ਕੀਤਾ ਅਤੇ ਸੇਵਾ ਸ਼ੁਰੂ ਕੀਤੀ ਗਈ। ਹੌਲੀ ਹੌਲੀ ਇਸ ਪਵਿੱਤਰ ਸਥਾਨ ਦਾ ਸੁੰਦਰ ਰੂਪ ਬਣ ਗਿਆ ਜੋ ਕਿ ਅੱਜ ਸਭ ਦੇ ਸਾਹਮਣੇ ਹੈ। ਇਸ ਤਰਾਂ ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਹੋਈ ਅਤੇ ਉਸ ਸਮੇਂ ਤੋਂ ਹਰ ਸਾਲ 19 ਤੋਂ 23 ਸਤੰਬਰ ਤੱਕ ਸ਼ੇਖ ਫਰੀਦ ਜੀ ਦਾ ਆਗਮਨ ਪੁਰਬ ਧੂਮ ਧਾਮ ਨਾਲ ਮਨਾਇਆ ਜਾਣ ਲੱਗਾ। ਇਸ ਆਗਮਨ ਪੁਰਬ ਮੌਕੇ ਨਗਰ ਕੀਰਤਨ ਸਜਾਏ ਜਾਂਦੇ ਹਨ, ਬਾਣੀ ਦਾ ਪਾਠ, ਸ਼ਬਦ ਕੀਰਤਨ, ਖੇਡਾਂ, ਸੂਫੀ ਪ੍ਰੋਗਰਾਮ, ਸਭਿਆਚਾਰਕ ਮੇਲੇ, ਟੂਰਨਾਮੈਂਟ, ਲੋਕ ਨਾਚ ਆਦਿ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਏ ਜਾਂਦੇ ਹਨ।

# ਯੂਨਾਈਟਿਡ ਸਪੋਰਟਸ ਕਲੱਬ ਅਮਰੀਕਾ ਵਲੋਂ ਕਰਵਾਏ ਕਬੱਡੀ ਕੱਪ 'ਚ ਬੇ ਏਰੀਆ ਸਪੋਰਟਸ ਕਲੱਬ ਨੇ ਬਾਜੀ ਮਾਰੀ

**ਯੂਨੀਅਨ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਹਰ ਵਰ੍ਹੇ ਯੂਨਾਈਟਿਡ ਸਪੋਰਟਸ ਕਲੱਬ ਅਮਰੀਕਾ ਵਲੋਂ ਇੱਥੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ 'ਚ ਕਰਵਾਏ ਗਏ 13ਵੇਂ ਵਿਸ਼ਵ ਕਬੱਡੀ ਕੱਪ ਵਿਚ ਕਬੱਡੀ ਦਾ ਇਤਿਹਾਸ ਸਿਰਜਿਆ ਗਿਆ ਤੇ ਇਸ ਕਬੱਡੀ ਦੌਰਾਨ ਸ੍ਹਾਨਾ ਦੇ ਭੇੜ ਹੋਏ। ਹਰ ਸਮਾਜਿਕ ਗਤੀਵਿਧੀ ਵਿਚ ਸ਼ਰੀਕ ਹੋਣ ਵਾਲੇ ਗਾਖ਼ਲ ਭਰਾ ਅਮੋਲਕ ਸਿੰਘ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਇਸ ਕੱਬਡੀ ਕੱਪ ਦੇ ਵੀ ਪਹਿਲਾਂ ਵਾਂਗ ਰੂਹੇ ਰਵਾਂ ਬਣੇ ਰਹੇ । ਕਲੱਬ ਦੇ ਚੇਅਰਮੈਨ ਤੇ ਰਾਜਾ ਸਵੀਟਸ ਦੇ ਸ੍ਰ. ਮੱਖਣ ਸਿੰਘ ਬੈਂਸ ਸਮੇਤ ਕਲੱਬ ਦੇ ਸਮੁੱਚੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਆਪੋ ਆਪਣੀਆਂ ਜ਼ਿੰਮੇਵਾਰੀਆਂ ਖੂਬ ਨਿਭਾਈਆਂ।

ਗੁਰੂਘਰ ਫਰੀਮਾਂਟ ਦੇ ਗ੍ਰੰਥੀ ਸਿੰਘ ਵਲੋਂ ਖੇਡ ਮੇਲੇ ਦੀ ਨਿਰਵਿਘਨ ਸਮਾਪਤੀ ਲਈ ਅਰਦਾਸ ਕਰਨ ਉਪਰੰਤ ਇਸ ਦਾ ਉਦਘਾਟਨ ਕਬੱਡੀ ਨੂੰ ਸਮਰਪਿਤ ਟੂੱਟ ਭਰਾਵਾਂ 'ਚੋਂ ਉੱਘੇ ਕਾਰੋਬਾਰੀ ਸੁਰਜੀਤ ਸਿੰਘ ਟੁੱਟ ਅਤੇ ਕਬੱਡੀ ਦੀ ਜਿੰਦ ਜਾਨ ਰਹੇ ਸੇਵਾ ਸਿੰਘ ਰੰਧਾਵਾ ਨੇ ਸਾਂਝੇ ਰੂਪ ਵਿਚ ਕੀਤਾ। ਜਦੋਂਕਿ ਮੁੱਖ ਮਹਿਮਾਨ ਵਜੋਂ ਮਿਸੀਸਿੱਪੀ ਤੋਂ ਸ੍ਰ. ਮੱਖਣ ਸਿੰਘ ਧਾਲੀਵਾਲ ਨੇ ਸਮੂਲੀਅਤ ਕੀਤੀ ।

ਅੰਡਰ-25 ਮੁਕਾਬਲਿਆਂ ਵਿਚ 'ਚੋਂ ਫਤਿਹ ਸਪੋਰਟਸ ਕਲੱਬ ਟਰਲੱਕ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂਕਿ ਕਿੰਗ ਸਪੋਰਟਸ ਕਲੱਬ ਦੀ ਟੀਮ ਦੂਜੇ ਨੰਬਰ ਤੇ





ਰਹੀ। ਪਹਿਲੇ ਇਨਾਮ ਦੇ ਸਪਾਂਸਰ ਆਪਣਾ ਪੰਜਾਬ ਅਤੇ ਨਾਰਦਰਨ ਕੈਲੇਫੋਰਨੀਆਂ ਸਪੋਰਟਸ ਕਲੱਬ ਵਲੋਂ ਮਰਹੂਮ ਸੰਤੋਖ ਸਿੰਘ ਤੱਖਰ ਦੀ ਯਾਦ ਵਿਚ ਤੱਖਰ ਪਰਿਵਾਰ ਵਲੋਂ ਦਿੱਤਾ ਗਿਆ। ਹੋਏ ਫਸਵੇਂ ਭੇੜਾਂ ਵਿਚ ਵਿਸ਼ਵ ਕਬੱਡੀ ਕੱਪ ਇਸ ਵਾਰ ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸੰਧੂ ਹੁਰਾਂ ਦੀ ਝੋਲੀ ਪਿਆ ਜਦੋਂਕਿ ਯੁਨਾਈਟਡ ਸਪੋਰਟਸ ਕਲੱਬ ਦੀ ਨੇ ਦੂਜਾ ਸਥਾਨ ਹਾਸਲ ਕੀਤਾ। ਇਹ ਸਾਰਾ ਖੇਡ ਮੇਲਾ ਮੱਖਣ ਅਲੀ, ਇਕਬਾਲ ਗਾਲਿਬ, ਸੁਰਜੀਤ ਕਕਰਾਲੀ ਦੀ ਕਮਾਲ ਦੀ ਕੁਮੈਂਟਰੀ 'ਚ ਸਾਰਾ ਦਿਨ ਰੰਗਿਆ ਰਿਹਾ।

ਸਟੇਜ ਸੰਚਾਲਨ ਆਸ਼ਾ ਸ਼ਰਮਾ ਅਤੇ ਯੁਨਾਈਟਡ ਸਪੋਰਟਸ ਕਲੱਬ ਦੇ ਮੀਡੀਆ ਇੰਚਾਰਜ ਉੱਘੇ ਪੱਤਰਕਾਰ ਐਸ ਅਸ਼ੋਕ ਭੌਰਾ ਨੇ ਕੀਤਾ। ਦੇਵ ਥਿੰਦ, ਗੁਰਵਿੰਦਰ ਸਿੰਘ ਕੰਬੋਜ, ਲਖਵਿੰਦਰ ਲਾਡੀ, ਮੱਖਣ ਸਿੰਘ ਨਿਊਯਾਰਕ, ਸਿਮਰਨ ਤੇ ਜੰਟੀ ਗੁਰੂਘਰ ਸੈਨਹੋਜ਼ੇ ਤੋਂ ਜਸਵਿੰਦਰ ਸੋਹਲ, ਯੂਬਾਸਿਟੀ ਤੋਂ ਸਰਬਜੀਤ ਥਿਆੜਾ, ਰਾਣਾ ਟੁੱਟ, ਪਰਮਜੀਤ ਸਿੰਘ ਦਿਓਲ, ਦੇਬੀ ਸੋਹਲ, ਨਿਊਯਾਰਕ ਦੀ ਸਬਜ਼ੀ ਮੰਡੀ ਵਾਲਾ ਪ੍ਰਸਿੱਧ ਨਾਮ ਜਗੀਰ ਸਿੰਘ, ਸਾਧੂ ਖਲੌਰ, ਲਾਡੀ ਗਿੱਲ, ਕਿੰਗ ਸਪੋਰਟਸ ਕਲੱਬ ਦੇ ਸਾਰੇ ਅਹੁਦੇਦਾਰ ਤੇ ਯੂਨੀਅਨ ਸਿਟੀ ਦੇ ਪ੍ਰਲਿਸ ਮੁਖੀ ਬੇਰੀਅਲ ਮੈਕਲਿਸਟਰ ਅਤੇ ਕਬੱਡੀ ਫੈਡਰੇਸ਼ਨ ਦੇ ਸੁਰਿੰਦਰ ਸਿੰਘ ਅਟਵਾਲ ਨੇ ਵੀ ਸ਼ਿਕਰਤ ਕੀਤੀ।

ਇਸ ਤੋਂ ਇਲਾਵਾ ਹੋਰ ਵੱਖ ਵੱਖ ਸ਼ਖਸੀਅਤਾਂ ਵਿੱਚ ਕੁਲਵੰਤ ਸਿੰਘ ਸ਼ਾਹ ਸਿਆਟਲ, ਸੁਖਦੇਵ ਬੈਨੀਵਾਲ, ਗੁਲਵਿੰਦਰ ਸਿੰਘ ਭਿੰਦਾ ਗਾਖਲ, ਐਸ ਪੀ ਸਿੰਘ, ਮਹਿੰਗਾ ਸਿੰਘ, ਸੁਖੀ ਸੇਖੋਂ ਸੈਕਰਾਮੈਂਟੋ, ਬਿੱਲਾ ਸੰਘੇੜਾ, ਸੁਖੀ ਸੰਘੇੜਾ, ਰਘਵੀਰ ਸ਼ੇਰਗਿੱਲ, ਹਰਜਿੰਦਰ ਸਿੰਘ ਜੌਹਲ, ਮੰਗਲ ਸਿੰਘ ਭੰਡਾਲ, ਸੰਤੋਖ ਸਿੰਘ ਜੱਜ, ਕੁਲਵੰਤ ਸਿੰਘ ਨਿੱਝਰ, ਲਖਵੀਰ ਸਿੰਘ ਕਾਲਾ ਟਰੇਸੀ, ਜਸਵਿੰਦਰ ਸਿੰਘ ਜੰਡੀ, ਸੁੱਚਾ ਭਾਰਟਾ, ਸੁਖਦੇਵ ਪਟਵਾਰੀ, ਮਾਨ ਬ੍ਰਦਰਜ, ਲੱਛਰ ਬ੍ਰਦਰਜ,ਹਰਬੰਸ ਸਿੰਘ ਲੌਂਗੀਆ ਨਵਾਂ ਸ਼ਹਿਰ, ਲਾਲੀ ਧਨੋਆ, ਹਰਜਿੰਦਰ ਸਿੰਘ ਧਾਮੀ, ਕਸ਼ਮੀਰ ਸਿੰਘ ਕੈਸ਼ ਫੈਬਰਿਕ, ਜਸਵੀਰ ਸਿੰਘ ਤੱਖਰ, ਸੰਦੀਪ ਸਿੰਘ ਤੇ ਹਰਮਿੰਦਰ ਸਿੰਘ ਆਦਿ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜਰ ਰਹੇ ਤੇ ਇਨਾਂ ਵੱਖ ਵੱਖ ਸ਼ਖਸ਼ੀਅਤਾਂ ਨੂੰ ਪਲੈਕਾਂ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

# ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੇ 13ਵਾਂ ਵਿਸ਼ਵ ਕਬੱਡੀ ਕੱਪ ਸਫਲਤਾ ਪੂਰਵਕ ਸੰਪੰਨ

## ਬੇ ਏਰੀਆ ਲਾਈਨਜ਼ ਕਬੱਡੀ ਕਲੱਬ ਦੀ ਟੀਮ ਬਣੀ ਚੈਂਪੀਅਨ, ਮੇਜ਼ਬਾਨ ਯੁਨਾਈਟਿਡ ਸਪੋਰਟਸ ਕਬੱਡੀ ਕਲੱਬ ਕੈਲੇਫੋਰਨੀਆ ਦੀ ਟੀਮ ਉੱਪ-ਜੇਤੂ ਰਹੀ

## ਵਧੀਆ ਧਾਵੀ ਦਾ ਖਿਤਾਬ ਦੁੱਲਾ ਬੱਗਾ ਪਿੰਡ ਨੂੰ ਅਤੇ ਵਧੀਆ ਜਾਫੀ ਦਾ ਖਿਤਾਬ ਪਾਲਾ ਜਲਾਲਪੁਰ ਨੂੰ ਦਿੱਤਾ ਗਿਆ



**ਜਸਵੰਤ ਸਿੰਘ ਖੜਗ**
**ਸੰਪਾਦਕ 'ਉੱਤਮ ਖੇਡ ਕਬੱਡੀ'**
**604-805-5474**

17 ਸਤੰਬਰ, 2017 ਨੂੰ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ (ਅਮਰੀਕਾ), ਜਿਸ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰ ਘ ਬੈਂਸ, ਵਾਈਸ ਚੇ ਅਰਮੈਨ ਇਕਬਾਲ ਸਿੰਘ ਗਾਖਲ , ਪ੍ਰਧਾਨ ਬਲਵੀਰ ਸਿੰਘ ਭਾਟੀਆ,ਵਾਈਸ ਪ੍ਰਧਾਨ ਜੁਗਰਾਜ ਸਿੰਘ ਸਹੋਤਾ (ਬੜਾ ਪਿੰਡ), ਖਜ਼ਾਨਚੀ ਨਰਿੰਦਰ ਸਿੰਘ ਸਹੋਤਾ (ਬੜਾ ਪਿੰਡ), ਜਨਰਲ ਸੈਕਟਰੀ ਗੁਰਦਾਵਰ ਸਿੰਘ ਮਾਨ, ਮੀਡੀਆ ਇੰਚਾਰਜ ਐੱਸ ਅਸ਼ੋਕ ਭੌਰਾ, ਡਾਇਰੈਕਟਰਜ਼ ਪਲਵਿੰਦਰ ਗਾਖਲ, ਪਿੰਕੀ ਅਟਵਾਲ, ਸਾਧੂ ਸਿੰਘ ਖਲੌਰ, ਦਲਵਿੰਦਰ ਪੰਡਾ, ਤੀਰਥ ਗਾਖਲ, ਨੱਥਾ ਸਿੰਘ ਗਾਖਲ, ਦੇਬੀ ਸਿੱਧਵਾ ਦੋ ਨਾਂ, ਬਖਤਾਵਰ ਗਾਖਲ, ਜਸਵੀਰ ਗਾਖਲ, ਗੁਰਪ੍ਰੀਤ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਗਾਖਲ, ਕਮਲਜੀਤ ਤਲਵੰਡੀ, ਹਰਜਿੰਦਰ ਸਿੰਘ ਲੱਧੜ ਅਤੇ ਸਮੂੰਹ ਸੰ ਗਤਾਂ ਦੇ ਸ ਹਿਯੋਗ ਨਾਲ ਕਬੱਡੀ ਕੋਚ ਪੰਮੀ ਬਨੂੰੜ ਦੀ ਯਾਦ ਨੂੰ ਸਮਰਪਿਤ 13ਵਾਂ ਵਿਸ਼ਵ ਕਬੱਡੀ ਕੱਪ ਕੈਲੇਫੋਰਨੀਆ ਦੇ ਸ਼ਹਿਰ ਯੂਨੀਅਨ ਸਿਟੀ ਸਥਿੱਤ ਲੋਗਨ ਹਾਈ ਸਕੂਲ ਦੀ ਖੇਡ ਮੈਦਾਨ ਵਿੱਚ ਅਮੋਲਕ ਸਿੰਘ ਗਾਖਲ, ਤੀਰਥ ਗਾਖਲ ਅਤੇ ਮੱਖਣ ਧਾ ਲੀਵਾਲ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਫਰੀਮੌਂਟ ਦੇ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਨੇ ਅਰਦਾਸ ਕਰਕੇ ਇਸ ਕਬੱਡੀ ਕੱਪ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਕਬੱਡੀ ਪ੍ਰਮੋਟਰ ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਅੰਡਰ 25 ਦੇ ਪਹਿਲੇ ਮੈਚ ਵਿੱਚ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਨੇ ਯੂਨਾਈਟਿਡ ਸਪੋਰਟਸ ਕਲੱਬ ਦੀ ਟੀਮ ਨੂੰ 23 ਅੰਕਾਂ ਦੇ ਵੱਡੇ ਫਰਕ ਨਾਲ ਹਰਾਇਆ। ਦੂਜੇ ਮੈਚ ਵਿੱਚ ਬਾਬਾ ਫਤਿਹ ਸਪੋਰਟਸ ਕਲੱਬ ਟਰਲਿੰਕ ਦੀ ਟੀਮ ਨੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਟੀਮ ਨੂੰ ਚਾਰ ਅੰਕਾਂ ਦੇ ਫਰਕ ਨਾਲ ਹਰਾਇਆ।

ਉਸ ਤੋਂ ਬਾਅਦ ਕਬੱਡੀ ਅੰਤਰਰਾਸ਼ਟਰੀ ਖਿਡਾਰੀ ਆਂ ਨਾਲ ਤਿਆਰ ਕੀਤੀਆਂ ਕਲੱਬਾਂ ਦਾ ਪਹਿਲਾ ਮੈਚ ਮੇਜ਼ਬਾਨ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਅਤੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ।

ਯੁਨਾਈਟਿਡ ਸਪੋਰਟਸ ਕਲੱਬ ਦੀ ਟੀਮ ਵੱਲੋਂ ਜੱਗਾ ਰੰਧਾਵਾ ਨੇ ਚੌਦ੍ਹਾਂ ਕਬੱਡੀਆਂ ਪਾ ਕੇ ਬਾਰ੍ਹਾਂ ਅੰਕ, ਸੇਠੀ ਹਰਖੋਵਾਲ ਨੇ ਤੇਰ੍ਹਾਂ ਕਬੱਡੀਆਂ ਪਾ ਕੇ ਸੱਤ ਅੰਕ ਅਤੇ ਬਾਨਾ ਧਾਲੀਵਾਲ ਬੇਟ ਨੇ ਤਿੰਨ ਕਬੱਡੀਆਂ ਪਾ ਕੇ ਇਕ ਅੰਕ ਪ੍ਰਾਪਤ ਕੀਤਾ। ਪੰਜਾਬ ਸਪੋਰਟਸ ਕਲੱਬ ਸਿਆਟਲ ਟੀਮ ਦੇ ਜਾਫੀ ਚੰਨਾ ਭੇਟਾਂ ਨੇ ਛੇ ਜੱਫੇ, ਸੱਤੂ ਖੰਡੂਰ ਸਾਹਿਬ ਨੇ ਦੋ ਜੱਫੇ, ਰਣਜੀਤ ਸਹੌਲੀ ਅਤੇ ਭੂਰਾ ਘੜੂੰਆ ਨੇ ਇਕ-ਇਕ ਜੱਫਾ ਲਾਇਆ। ਦੂਜੇ ਪਾਸੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਵੱਲੋਂ ਦੱਲੀ ਸ਼ਮਸਪੁਰ ਨੇ ਨੌਂ ਅਤੇ ਪਵਨ ਢਿੱਲੋਂ ਨੇ ਗਿਆਰ੍ਹਾਂ ਕਬੱਡੀਆਂ ਪਾ ਕੇ ਸੱਤ-ਸੱਤ ਅੰਕ, ਨੇਕਾ ਭੇਟਾਂ ਨੇ ਤਿੰਨ ਕਬੱਡੀਆਂ ਪਾ ਕੇ ਦੋ ਅੰਕ, ਹੈਪੀ ਕਟਾਲਾ ਬੇਟ ਨੇ ਦੋ ਕਬੱਡੀਆਂ ਪਾ ਕੇ ਇਕ ਅੰਕ ਪ੍ਰਾਪਤ ਕੀਤਾ ਜਦਕਿ ਕੀਪਾ ਸੱਦੋਵਾਲ ਨੇ ਦੋ ਅਤੇ ਰੇਸ਼ਮ ਯਾਮਾਰਾਏ ਨੇ ਤਿੰਨ ਕਬੱਡੀਆਂ ਪਾਈਆਂ, ਪਰ ਅੰਕ ਲੈਣ ਵਿੱਚ ਕਾਮਯਾਬ ਨਹੀਂ ਹੋ ਸਕੇ। ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਟੀਮ ਦੇ ਜਾਫੀ ਅਰਸ਼ ਚੋਹਲਾ ਸਾਹਿਬ ਨੇ ਚਾਰ ਜੱਫੇ, ਪੰਮਾ ਝੰਡੇਰ ਨੇ ਤਿੰਨ ਜੱਫੇ, ਰੂਬੀ ਹਰਖੋਵਾਲ, ਜਤਿੰਦਰ ਬੈਂਸ ਅਤੇ ਯਾਦਾਂ ਸੁਰਖਪੁਰ ਨੇ ਦੋ-ਦੋ ਜੱਫੇ ਲਾ ਕੇ ਇਹ ਮੈਚ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਟੀਮ ਨੇ ਛੇ ਅੰਕਾਂ ਦੇ ਫਰਕ ਨਾਲ ਜਿੱਤ ਲਿਆ।

ਦੂਜਾ ਮੈ ਚ ਬਾਬਾ ਸੇਵਾ ਦਾਸ ਜੀ ਕਬੱਡੀ ਕਲੱਬ ਨੌਰਥ ਕੈਰੋਲੀਨਾ ਅਤੇ ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੀਆਂ ਟੀਮਾਂ ਵਿਚਕਾਰ ਕਰਵਾਇਆ ਗਿਆ। ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੀ ਟੀਮ ਵੱਲੋਂ ਗੁਰਪ੍ਰੀਤ ਬੁਰਜ ਹਰੀ ਨੇ ਛੇ, ਦੁੱਲਾ ਬੱਗਾ ਪਿੰਡ ਅਤੇ ਸੁਲਤਾਨ ਸ਼ਮਸਪੁਰ ਨੇ ਪੰਜ-ਪੰਜ ਨਾਨ-ਸਟਾਪ ਕਬੱਡੀਆਂ ਪ ਾਈਆਂ। ਪਾਲੀ ਫਤਿਹਗੜ੍ਹ ਛੰ ਨਾਂ ਨੇ ਛੇ ਕ ਬੱਡੀਆਂ ਪਾ ਕੇ ਪੰਜ ਅੰਕ, ਸੰਦੀਪ ਮਹਿਮਦਵਾਲ ਨੇ ਪੰਜ ਕਬੱਡੀਆਂ ਪਾ ਕੇ ਚਾਰ ਅੰਕ ਪ੍ਰਾਪਤ ਕੀਤੇ। ਪ੍ਰੀਤ ਜਲਾਲਪੁਰ ਨੇ ਦੋ ਕਬੱਡੀਆਂ ਪਾਈਆਂ ਪਰ ਅੰਕ ਲੈਣ ਵਿੱਚ ਕਾਮਯਾਬ ਨਹੀਂ ਹੋ ਸਕਿਆ। ਬਾਬਾ ਸੇਵਾ ਦਾਸ ਜੀ ਕਬੱਡੀ ਕਲੱਬ ਨੌਰਥ ਕੈਰੋਲੀਨਾ ਟੀਮ ਦੇ ਜਾਫੀ ਲੱਖਾ ਕੋਠੇ ਜੱਟਾਂ ਨੇ ਦੋ ਜੱਫੇ, ਅਮਰਿੰਦਰ ਕਿ ਸ਼ਨਪੁਰਾ ਅ ਤੇ ਜਿੰਦਰ ਪੱਤੜ ਕਲਾਂ ਨੇ ਇਕ-ਇਕ ਜੱਫਾ ਲਾਇਆ। ਦੂਜੇ ਪਾਸੇ ਬਾਬਾ ਸੇਵਾ ਦਾਸ ਜੀ ਕਬੱਡੀ ਕਲੱਬ ਨੌਰਥ ਕੈਰੋਲੀਨਾ ਟੀਮ ਦੇ ਧਾਵੀ ਜੱਸਾ ਪਰਸਰਾਮਪੁਰ ਨੇ ਅੱਠ ਅਤੇ ਜੱਸਾ ਚੰਦ ਪੁਰਾਣਾ ਨੇ ਸੱਤ ਕਬੱਡੀਆਂ ਪਾ ਕੇ ਛੇ-ਛੇ ਅੰਕ, ਰਵੀ ਮਤਲੋਡਾ ਅਤੇ ਡਿੱਪੀ ਬੁਰਜ ਹਰੀ ਨੇ ਸੱਤ-ਸੱਤ ਕਬੱਡੀਆਂ ਪਾ ਕੇ ਪ ੰਜ-ਪੰਜ ਅ ੰਕ ਪ੍ਰਾਪਤ ਕੀਤੇ। ਬੇ-ਏਰੀਆ ਸਪੋਰਟਸ ਕਲੱਬ ਦੇ ਜਾਫੀ ਪਾਲਾ ਜਲਾਲਪੁਰ, ਸੰਦੀਪ ਨੰਗਲ ਅੰਬੀਆ, ਯਾਦ ਕੋਟਲੀ ਨੇ ਦੋ-ਦੋ ਜੱਫੇ ਅਤੇ ਖੁਸ਼ੀ ਦੁੱਗਾਂ ਨੇ ਇਕ ਜੱਫਾ ਲਾ ਕੇ ਇਹ ਮੈਚ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਨੇ ਛੇ ਅੰਕਾਂ ਦੇ ਫਰਕ ਨਾਲ ਜਿੱਤ ਲਿਆ। ਇਸ ਤੋਂ ਬਾਅਦ ਅੰਡਰ-੨੫ ਦਾ ਮੈਚ ਿਕੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਵਿੱਚ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਨੇ ਚਾਰ ਅੰਕਾਂ ਦੇ ਫਰਕ ਨਾਲ ਮੈਚ ਜਿੱਤ ਕੇ ਫਾਈਨਲ ਵਿੱਚ ਪਹੁੰਚਣ ਦਾ ਮਾਣ ਪ੍ਰਾਪਤ ਕੀਤਾ।

ਪਹਿਲਾ ਸੈਮੀਫਾਈਨਲ ਮੈਚ ਮੇਜ਼ਬਾਨ ਯੁਨਾਈਟਿਡ ਸਪੋਰਟਸ ਕਲੱਬ ਕੈ ਲੇਫੋਰਨੀਆ ਅਤੇ ਕਾਬਲ ਮਾਣੂੰਕੇ ਗਿੱਲ, ਚੰਨਾ ਆਲਮਗੀਰ ਵੱਲੋਂ ਤਿਆਰ ਕੀਤੀ ਬਾਬਾ ਸੇਵਾ ਦਾਸ ਜੀ ਕਬੱਡੀ ਕਲੱਬ ਨੌਰਥ ਕੈਰੋਲੀਨਾ ਦੀਆਂ ਟੀਮਾਂ ਵਿਚਕਾਰ ਕਰਵਾਇਆ ਗਿਆ। ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਟੀਮ ਵੱਲੋਂ ਜੱਗਾ ਰੰਧਾਵਾ ਅਤੇ ਐਰੋ ਚਾਵੇਜ਼ ਨੇ ਗਿਆਰ੍ਹਾਂ-ਗਿਆਰ੍ਹਾਂ ਕਬੱਡੀਆਂ ਪਾ ਕੇ ਦਸ-ਦਸ ਅੰਕ, ਬਾਨਾ ਧਾਲੀਵਾਲ ਬੇਟ ਨੇ ਦਸ ਕਬੱਡੀਆਂ ਪਾ ਕੇ ਸੱਤ ਅੰਕ ਅਤੇ ਸੇਠੀ ਹਰਖੋਵਾਲ ਨੇ ਨੌਂ ਕਬੱਡੀਆਂ ਪਾ ਕੇ ਛੇ ਅੰਕ ਪ੍ਰਾਪਤ ਕੀਤੇ। ਬਾਬਾ ਸੇਵਾ ਦਾਸ ਜੀ ਕਬੱਡੀ ਕਲੱਬ ਨੌਰਥ ਕੈਰੋਲੀਨਾ ਟ ੀਮ ਦੇ ਜਾਫੀ ਅਮਰਿੰਦਰ ਕਿਸ਼ਨਪੁਰਾ ਨੇ ਤਿੰਨ ਜੱਫੇ, ਲੱਖਾ ਕੋਠੇ ਜੱਟਾਂ, ਨਵੀ ਜੌਹਲ ਨੇ ਦੋ-ਦੋ ਜੱਫੇ ਅਤੇ ਹਰਵਿੰਦਰ ਰੱਬੋਂ ਨੇ ਇਕ ਜੱਫਾ ਲਾਇਆ। ਦੂਜੇ ਪਾਸੇ ਬਾਬਾ ਸੇਵਾ ਦਾਸ ਜੀ ਕਬੱਡੀ ਕਲੱਬ ਨੌਰਥ ਕੈਰੋਲੀਨਾ ਟੀਮ ਦੇ ਧਾਵੀ ਜੱਸਾ ਪਰਸਰਾਮਪੁਰ ਨੇ ਬਾਰ੍ਹਾਂ ਕਬੱਡੀਆਂ ਪਾ ਕੇ ਨੌਂ ਅੰਕ, ਡਿੱਪੀ ਬੁਰਜ ਹਰੀ ਨੇ ਦਸ ਕਬੱਡੀਆਂ ਪਾ ਕੇ ਅੱਠ ਅੰਕ, ਰਵੀ ਮਤਲੋਡਾ ਨੇ ਗਿਆਰ੍ਹਾਂ ਕਬੱਡੀਆਂ ਪਾ ਕੇ ਸੱਤ ਅੰਕ ਅਤੇ ਜੱਸਾ ਚੰਦ ਪੁਰਾਣਾ ਨੇ ਸੱਤ ਕਬੱਡੀਆਂ ਪਾ ਕੇ ਤਿੰਨ ਅੰਕ ਪ੍ਰਾਪਤ ਕੀਤੇ। ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਟੀਮ ਦੇ ਜਾਫੀ ਅਰਸ਼ ਚੋਹਲਾ ਸਾਹਿਬ ਨੇ ਪੰਜ ਜੱਫੇ, ਰੂਬੀ ਹਰਖੋਵਾਲ ਨੇ ਚਾਰ ਜੱਫੇ, ਯਾਦਾ ਸੁਰਖਪੁਰ ਨੇ ਤਿੰਨ ਜੱਫੇ ਅਤੇ ਪੰਮਾ ਝੰਡੇਰ ਨੇ ਇਕ ਜੱਫਾ ਲਾ ਕੇ ਇਹ ਮੈਚ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਟੀਮ ਨੇ ਗਿਆਰ੍ਹਾਂ ਅੰਕਾਂ ਦੇ ਫਰਕ ਨਾਲ ਜਿੱਤ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।

ਦੂਜਾ ਸੈਮੀਫਾਈਨਲ ਮੈਚ ਬ੍ਰੈਟੀ ਗਿੱਲ, ਮੋਹਣਾ ਜੋਧਾਂ, ਸੰਦੀਪ ਗੁਰਨਾ ਵੱਲੋਂ ਤਿਆਰ ਕੀਤੀ ਪੰਜਾਬ ਸਪੋਰਟਸ ਕਲੱਬ ਸਿਆਟਲ ਅਤੇ ਸੰਧੂ ਬ੍ਰ ਦਰਜ਼ (ਸੁਰਜੀਤ ਸੰਧੂ, ਚਰਨਜੀਤ ਸੰਧੂ, ਬਲਜ ੀਤ ਸੰਧੂ) ਵੱਲੋਂ ਿ ਤਆਰ ਕੀਤੀ ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੀਆਂ ਟੀਮਾਂ ਵਿਚਕਾਰ ਕਰਵਾਇਆ ਗਿਆ। ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਵੱਲੋਂ ਦੱਲੀ ਸ਼ਮਸਪੁਰ ਨੇ ਨੌਂ ਕਬੱਡੀਆਂ ਪਾ ਕੇ ਸੱਤ ਅੰਕ, ਨੇਕਾ ਭੇਟਾਂ, ਰੇਸ਼ਮ ਯਾਮਾਰਾਏ ਨੇ ਪੰਜ-ਪੰਜ ਕਬੱਡੀਆਂ ਪਾ ਕੇ ਚਾਰਚਾਰ ਅੰਕ, ਕੀਪਾ ਸੱਦੋਵਾਲ, ਪਵਨ ਢਿੱਲੋਂ ਨੇ ਪੰਜ-ਪੰਜ ਕਬੱਡੀਆਂ ਪਾ ਕੇ ਤਿੰਨ-ਤਿੰਨ ਅੰਕ ਪ੍ਰਾਪਤ ਕੀਤੇ ਅਤੇ ਹੈਪੀ ਕਟਾਲਾ ਬੇਟ ਨੇ ਚਾਰ ਨਾਨ-ਸਟਾਪ ਕਬ-ਡੀਆਂ ਪਾਈਆਂ। ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੇ ਜਾਫੀ ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ, ਯਾਦ ਕੋਟਲੀ ਅਤੇ ਕੈਬਨ ਸੰਧੂ ਨੇ ਦੋ-ਦੋ ਜੱਫੇ ਲਾਏ।

ਦੂਜੇ ਪਾਸੇ ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੇ ਧਾਵੀ ਦੁੱਲਾ ਬੱਗਾ ਪਿੰਡ, ਪਾਲੀ ਫਤਿਹਗੜ੍ਹ ਛੰਨਾਂ ਨੇ ਛੇ-ਛੇ, ਸੰਦੀਪ ਮਹਿਮਦਵਾਲ, ਸੁਲਤਾਨ ਸ਼ਮਸਪੁਰ ਨੇ ਪੰਜ-ਪੰਜ ਨਾਨ-ਸਟਾਪ ਕਬੱਡੀਆਂ ਪਾਈਆਂ। ਗੁਰਪ੍ਰੀਤ ਬੁਰਜ ਹਰੀ ਨੇ ਪੰਜ ਕਬੱਡੀਆਂ ਪਾ ਕੇ ਚਾਰ ਅੰਕ ਅਤੇ ਪ੍ਰੀਤ ਜਲਾਲਪੁਰ ਨੇ ਛੇ ਕਬੱਡੀਆਂ ਪਾ ਕੇ ਚਾਰ ਅੰਕ ਪ੍ਰਾਪਤ ਕੀਤੇ। ਪੰਜਾਬ ਸਪੋਰਟਸ ਕਲੱਬ ਸਿਆਟਲ ਟੀਮ ਦੇ ਜਾਫੀ ਰਣਜੀਤ ਸਹੌਲੀ ਨੇ ਦੋ ਜੱਫੇ ਅਤੇ ਸੱਤੂ ਖੰਡੂਰ ਸਾਹਿਬ ਨੇ ਇਕ ਜੱਫਾ ਲਾਇਆ ਜੋ ਮੈਚ ਜਿੱਤਣ ਲਈ ਕਾਫੀ ਨਹੀਂ ਸੀ। ਇ ਸ ਲਈ ਇਹ ਮੈਚ ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੀ ਟੀਮ ਨੇ ਦਸ ਅੰਕਾਂ ਦੇ ਫਰਕ ਨਾਲ ਜਿੱਤ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।

ਅੰਡਰ-25 ਦਾ ਫਾਈਨਲ ਮੈਚ ਬਾਬਾ ਫਤਿਹ ਸਪੋਰਟਸ ਕਲੱਬ ਟਰਲਿੰਕ ਅਤੇ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋਂ ਦੀਆਂ ਟੀਮਾਂ ਵਿ ਚਕਾਰ ਖੇ ਡਿ ਆ ਗਿਆ । ਜਿਸ ਵਿੱਚ ਬਾਬਾ ਫ ਤਿਹ ਸਪੋਰਟਸ ਕਲੱਬ ਟਰਲਿੰਕ ਦੀ ਟੀਮ ਨੇ 10 ਅੰਕਾਂ ਦੇ ਫਰਕ ਨਾਲ ਜਿੱਤ ਕੇ ਅੰਡਰ 25 ਦੀ ਚੈਂਪੀਅਨ ਟੀਮ ਬਣਨ ਦਾ ਮਾਣ ਪ੍ਰਾਪਤ ਕੀਤਾ, ਇਸ ਲਈ ਟੀਮ ਦੇ ਸਾਰੇ ਸਪਾਂਸਰ ਅਤੇ ਸੰਦੀਪ ਸਿੰਘ ਜੈਂਟੀ ਵਧਾਈ ਦੇ ਹੱਕਦਾਰ ਹਨ। ਦੂਜੇ ਨੰਬਰ ਉੱਪਰ ਰਹੀ ਟੀਮ ਕਿੰਗਜ਼ ਸਪੋਰਟਸ ਕਲੱਬ ਦੇ ਸਾਰੇ ਸਪਾਂਸਰ ਜਿਹਨਾਂ ਵਿੱਚ ਸੁੱਖੀ ਸੇਖੋਂ, ਸੀਤਲ ਸਿੰਘ ਨਿੱਝਰ, ਪੱਪੂ ਪੰਛੀ, ਗੁਰਮਖ ਸਿੰਘ ਸੰਧੂ ਅਤੇ ਸਾਰੇ ਪ੍ਰਮੋਟਰ ਵਧਾਈ ਦੇ ਹੱਕਦਾਰ ਹਨ।

ਫਾਈਨਲ ਮੈਚ ਤੋਂ ਪਹਿਲਾਂ ਇ ਸ ਵਿਸ਼ਵ ਕ ਬੱਡੀ ਕੱਪ ਵਿੱਚ ਪਹੁ ੰਚੇ ਮੁੱਖ ਮਹਿਮਾਨ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਦੇ ਚੇਅਰਮੈਨ ਮੱਖਣ ਸਿੰਘ ਧਾਲੀਵਾਲ, ਪ੍ਰਧਾਨ ਸੁਰਿੰਦਰਪਾਲ ਸਿੰਘ ਟੋਨੀ ਕਾਲਖ, ਖੇਡ ਲੇਖਕ ਜਗਰੂਪ ਸਿੰਘ ਜਰਖੜ, ਸੱਬਾ ਥਿਆੜਾ, ਪੰਮਾ ਦਿਉਲ, ਟੁੱਟ ਬ੍ਰਦਰਜ਼, ਲੱਛਰ ਬ੍ਰਦਰਜ਼, ਸੰਧੂ ਬ੍ਰਦਰਜ਼ ਅਤੇ ਗਾਖਲ ਬ੍ਰਦਰਜ਼ ਦਾ ਯੁਨਾਈਟਿਡ ਸਪੋਰਟਸ ਕਲੱਬ ਵੱਲੋਂ ਵਿਸ਼ੇਸ ਸਨਮਾਨ ਕੀਤਾ ਗਿਆ। ਕਬੱਡੀ ਕੋਚ ਪਰਮਜੀਤ ਪੰਮੀ ਦਾ ਕਲੱਬ ਵੱਲੋਂ ਵਿਸ਼ੇਸ ਸਨਮਾਨ ਕੀਤਾ ਗਿਆ।

ਫਾਈਨਲ ਮੈਚ ਖੇਡਣ ਲਈ ਬਲਜੀਤ ਸਿੰਘ ਸੰਧੂ, ਮੋਹਣਾਂ ਜੋਧਾਂ, ਬਰੈਟੀ ਗਿੱਲ, ਸੰਦੀਪ ਗੁਰਨਾ ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੀ ਟੀਮ ਨਾਲ ਖੇਡ ਮੈਦਾਨ ਵਿੱਚ ਪਹੁੰਚੇ। ਮੇਜ਼ਬਾਨ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਟੀਮ ਨਾਲ ਅਮੋਲਕ ਗਾਖਲ, ਤੀਰਥ ਗਾਖਲ, ਮੱਖਣ ਧਾਲੀਵਾਲ, ਕਾਬਲ ਮਾਣੂੰਕੇ ਗਿੱਲ ਖੇਡ ਮੈਦਾਨ ਵਿੱਚ ਆਏ। ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਟੀਮ ਦੇ ਧਾਵੀ ਦੁੱਲਾ ਬੱਗਾ ਪਿੰਡ ਨੇ ਸ਼ਾਨਦਾਰ ਤੇਰ੍ਹਾਂ ਨਾਨ-ਸਟਾਪ ਕਬੱਡੀਆਂ ਪਾਈ ਆਂ।

ਪਾਲੀ ਫਤਿਹਗੜ੍ਹ ਛੰਨਾਂ ਨੇ ਤੇਰ੍ਹਾਂ ਕਬੱਡੀਆਂ ਪਾ ਕੇ ਗਿਆਰ੍ਹਾਂ ਅੰਕ ਪ੍ਰਾਪਤ ਕੀਤੇ, ਉਸ ਨੂੰ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਟੀਮ ਦੇ ਜਾਫੀ ਜਤਿੰਦਰ ਬੈਂਸ ਅਤੇ ਅਰਸ਼ ਚੋਹਲਾ ਸਾਹਿਬ ਨੇ ਇਕ-ਇਕ ਜੱਫਾ ਲਾਇਆ। ਸੁਲਤਾਨ ਸ਼ਮਸਪੁਰ ਨੇ ਗਿਆਰ੍ਹਾਂ ਕਬੱਡੀਆਂ ਪਾ ਕੇ ਅੱਠ ਅੰਕ ਪ੍ਰਾਪਤ ਕੀਤੇ, ਉਸ ਨੂੰ ਅਰਸ਼ ਚੋਹਲਾ ਸਾਹਿ ਬ ਨੇ ਦੋ ਜੱਫੇ ਅਤੇ ਰੂਬੀ ਹਰ ਖੋਵਾਲ ਨੇ ਇਕ ਜੱਫਾ ਲਾਇਆ। ਸੰਦੀਪ ਮਹਿਮਦਵਾਲ ਨੇ ਪੰਜ ਕਬੱਡੀਆਂ ਪਾ ਕੇ ਦੋ ਅੰਕ ਪ੍ਰਾਪਤ ਕੀਤੇ, ਉਸ ਨੂੰ ਅਰਸ਼ ਚੋਹਲਾ ਸਾਹਿਬ ਨੇ ਦੋ ਜੱਫੇ ਅਤੇ ਜਤਿੰਦਰ ਬੈਂਸ ਨੇ ਇਕ ਜੱਫਾ ਲਾਇਆ। ਦੂਜੇ ਪਾਸੇ ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਟੀਮ ਦੇ ਧਾਵੀ ਐਰੋ ਚਾਵੇਜ਼ (ਸੁਲੱਖਣ ਸਿੰਘ) ਨੇ ਤੇਰ੍ਹਾਂ ਕਬੱਡੀਆਂ ਪਾ ਕੇ ਬਾਰ੍ਹਾਂ ਅੰਕ ਪ੍ਰਾਪਤ ਕੀਤੇ, ਉਸ ਨੂੰ ਬੇ-ਏਰੀਆ ਟੀਮ ਦੇ ਜਾਫੀ ਸੰਦੀਪ ਨੰਗਲ ਅੰਬੀਆਂ ਨੇ ਇਕ ਜੱਫਾ ਲਾ ਕੇ ਬੱਲੇ-ਬੱਲੇ ਕਰਵਾਈ।

ਬਾਨਾ ਧਾਲੀਵਾਲ ਬੇਟ ਨੇ ਨੌਂ ਕਬੱਡੀਆਂ ਪਾ ਕੇ ਛੇ ਅੰਕ ਪ੍ਰਾਪਤ ਕੀਤੇ, ਉਸ ਨੂੰ ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੰਦੀਪ ਨੰਗਲ ਅੰਬੀਆਂ ਨੇ ਇਕ-ਇਕ ਜੱਫਾ ਲਾਇਆ। ਜੱਗਾ ਰੰਧਾਵਾ ਨੇ ਬਾਰ੍ਹਾਂ ਕ ਬੱਡੀਆਂ ਪ ਾ ਕੇ ਛੇ ਅੰਕ ਪ੍ਰਾਪਤ ਕੀਤੇ, ਉਸ ਨੂੰ ਪਾਲਾ ਜਲਾਲਪੁਰ ਨੇ ਚਾਰ ਜੱਫੇ, ਸੰਦੀਪ ਨੰਗਲ ਅੰਬੀਆਂ ਅਤੇ ਯਾਦ ਕੋਟਲੀ ਨੇ ਇਕ-ਇਕ ਜੱਫਾ ਲਾਇਆ। ਸੇਠੀ ਹਰਖੋਵਾਲ ਨੇ ਛੇ ਕਬੱਡੀਆਂ ਪਾ ਕੇ ਦੋ ਅੰਕ ਪ੍ਰਾਪਤ ਕੀਤੇ, ਉਸ ਨੂੰ ਖੁਸ਼ੀ ਦੁੱਗਾਂ ਨੇ ਦੋ ਜੱਫੇ, ਪਾਲਾ ਜਲਾਲਪੁਰ ਅਤੇ ਸੰਦੀਪ ਨੰਗਲ ਅੰਬੀਆਂ ਨੇ ਇਕ-ਇਕ ਜੱਫਾ ਲਾਇਆ। ਜੋਰਾ ਸੈਕਰਾਮੈਂਟੋਂ ਨੇ ਦੋ ਕਬੱਡੀਆਂ ਪਾਈਆਂ, ਪਰ ਪਾਲਾ ਜਲਾਲਪੁਰ ਅਤੇ ਖੁਸ਼ੀ ਦੁੱਗਾ ਨੇ ਉਹਨਾਂ ਨੂੰ ਜੱਫੇ ਵਿੱਚ ਬਦਲ ਦਿੱਤਾ ਅਤੇ ਇਹ ਮੈਚ ਸੋਲ੍ਹਾਂ ਅੰਕਾਂ ਦੇ ਫਰਕ ਨਾਲ ਬੇ-ਏਰੀਆ ਲਾਈਨਜ਼ ਸਪੋਰਟਸ ਕਲੱਬ ਦੀ ਟੀਮ ਨੇ ਜਿੱ ਤ ਕੇ ਬੱਲੇ -ਬੱਲੇ ਕਰਵਾਈ। ਇਸ ਟ ੀਮ ਦੇ ਧਾਵੀ ਦੁੱਲਾ ਬੱਗਾ ਪਿੰਡ ਨੇ 13 ਕਬੱਡੀਆਂ ਪਾ ਕੇ 13 ਅੰਕ ਪ੍ਰਾਪਤ ਕਰਕੇ ਵਧੀਆ ਧਾਵੀ ਅਤੇ ਪਾਲਾ ਜਲਾਲਪੁਰ ਨੇ 16 ਵਾਰ ਕੋਸ਼ਿਸ਼ ਕਰਕੇ 7 ਜੱਫੇ ਲਾ ਕੇ ਵਧੀਆ ਜਾਫੀ ਬਣਨ ਦਾ ਖਿਤਾਬ ਹਾਸਿਲ ਕੀਤਾ। ਜੇਤੂ ਰਹੀ ਬੇ-ਏਰੀਆ ਲਾਈਨਜ਼ ਸਪੋਰਟਸ ਕਲ ੱਬ ਦੀ ਟੀਮ ਨੂੰ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗ ੁਲਵਿੰਦਰ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵੱਲੋਂ ਦਿੱਤਾ ਗਿਆ। ਉਪ-ਜੇਤੂ ਰਹੀ ਯੁਨਾਈਟਿਡ ਸਪੋਰਟਸ ਕਲੱਬ ਦੀ ਟੀਮ ਨੂੰ ਦੂਜਾ ਇਨਾਮ ਬੜਾ ਪਿੰਡ ਦੇ ਸਵ: ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿੱਚ ਜਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵੱਲੋਂ ਦਿੱਤਾ ਗਿਆ।

ਜਿੱਥੇ ਅੰਤਰਰਾਸ਼ਟਰੀ ਕਬੱਡੀ ਕੁਮੈਂਟੇਟਰ ਮੱਖਣ ਅਲੀ, ਸੁਰਜੀਤ ਸਿੰਘ ਕਕਰਾਲੀ, ਇਕਬਾਲ ਗਾਲਿਬ, ਲੱਖਾ ਸਿੱਧਵਾਂ ਦੋਨਾਂ, ਰਾਜਵਿੰਦਰ ਰੰਡਿਆਲਾ ਨੇ ਕੁਮੈਂਟੇਟਰੀ ਕਰਕੇ ਰੰਗ ਬੰਨੇ ਉੱਥੇ ਮੈਡਮ ਆਸ਼ਾ ਸ਼ਰਮਾ ਜੀ ਨੇ ਸਟੇਜ ਸੈਕਟਰੀ ਦੀ ਡਿਊਟੀ ਬਹੁਤ ਵਧੀਆ ਢੰਗ ਨਾਲ ਨਿਭਾਈ। ਮੀਡੀਆ ਇੰਚਾਰਜ ਐੱਸ ਅਸ਼ੋਕ ਭੌਰਾ ਨੇ ਜਿੱਥੇ ਆਪਣੀ ਡਿਊਟੀ ਵਧੀਆ ਤਾਰੀ ਕੇ ਨਾਲ ਨਿਭਾਈ, ਉੱਥੇ ਸਾਰੇ ਖਿਡਾਰੀਆਂ ਨੂੰ ਮਿਲਣ ਵਾਲੇ ਡਾਲਰਾਂ ਦਾ ਵੀ ਸਾਰਾ ਹਿਸਾਬ ਕਿਤਾਬ ਰੱਖਿਆ। ਰੈਫਰੀ ਦੀ ਡਿਊਟੀ ਕੋਚ ਦਵਿੰਦਰ ਚਮਕੌਰ ਸਾਹਿਬ, ਗੁਰਪ੍ਰੀਤ ਕਟਾਣੀ, ਕੋਚ ਪਰਮਜੀਤ ਪੰਮੀ, ਸਵਰਨਾ ਵੈਲੀ ਅਤੇ ਚੰਨਾ ਆਲ ਮਗੀਰ ਨੇ ਨਿਭਾਈ।

ਨੰਬਰ ਲਿਖਣ ਦੀ ਡਿਊਟੀ ਰੁਪਿੰਦਰ ਸੈਣੀ, ਕੋਚ ਸਰਦੂਲ ਰੰਧਾਵਾ ਅਤੇ ਗੁਰਮੇਲ ਸਿੰਘ ਦਿਉਲ ਨੇ ਨਿਭਾਈ। ਯੁਨਾਈਟਿਡ ਸਪੋ ਰਟਸ ਕਲ ੱਬ ਕੈਲੇਫੋਰਨੀ ਆ ਵੱਲੋਂ ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਦੀ ਰਹਿ ਨਮਾਈ ਹੇਠ ਇਸ 13ਵੇਂ ਵਿਸ਼ਵ ਕਬੱਡੀ ਕੱਪ 'ਤੇ ਕਰਵਾਏ ਗਏ ਕਲੱਬਾਂ ਦੇ 5 ਮੈਚਾਂ ਵਿੱਚ ਧਾਵੀਆਂ ਨੇ 349 ਕਬੱਡੀਆਂ ਪਾ ਕੇ 259 ਅੰਕ ਪ੍ਰਾਪਤ ਕੀਤੇ ਅਤੇ ਜਾਫੀਆਂ ਨੇ 92 ਜੱਫੇ ਲਾਏ। ਇਸ ਕਬੱਡੀ ਕੱਪ ਵਿੱਚ ਸਾਰੇ ਕੁਮੈਂਟੂਟਰਾਂ ਨੂੰ ਹਦਾਇਤ ਦਿੱਤੀ ਗਈ ਸੀ ਕਿ ਚੱਲਦੇ ਮੈਚਾਂ ਵਿੱਚ ਖਿਡਾਰੀਆਂ ਦੀ ਹੀ ਗੱਲ ਕੀਤੀ ਜਾਵੇ। ਖੇਡ ਮੈਦਾਨ ਵਿੱਚ ਖਿਡਾਰੀਆਂ ਤੋਂ ਬਿਨਾਂ ਕੋਈ ਵੀ ਵਾਧੂ ਬੰਦਾ ਨਹੀਂ ਸੀ।

ਸਾਰੇ ਹੀ ਮੈਚ ਨਿਯਮਾਂ ਅਨੁਸਾਰ ਖੇਡੇ ਗਏ। ਵਧੀਆ ਤਰੀਕੇ ਨਾਲ ਕੁਮੈਂਟਰੀ ਕੀਤੀ ਗਈ, ਖਿਡਾਰੀਆਂ ਨੂੰ ਭਾਵੇਂ ਸਟੇਜ ਉੱਪਰ ਹਰੇਕ ਅੰਕ 'ਤੇ ਡਾਲਰ ਦਿੱਤੇ ਗਏ ਪਰ ਕੁਮੈਂਟੇਟਰਾਂ ਨੇ ਸ਼ੇਅਰ ਅਤੇ ਵਾਧੂ ਪ੍ਰਮੋਟਰਾਂ ਦੇ ਨਾਂਅ ਨਹੀਂ ਬੋਲੇ। ਜਿਸ ਕਰਕੇ ਭਾਵੇਂ ਉਹਨਾਂ ਨੂੰ ਡਾਲਰ ਘੱਟ ਬਣੇ, ਪਰ ਯੁਨਾਈਟਿਡ ਸਪੋਰਟਸ ਕਲੱਬ ਵੱਲੋਂ ਸਾਰੇ ਹੀ ਕੁਮੈਂਟੇਟਰਾਂ, ਕੋਚਾਂ ਅਤੇ ਰੈਫਰੀਆਂ ਨੂੰ ਖੁਸ਼ ਕਰਕੇ ਤੋਰਿਆ ਗਿਆ। ਯੂਨੀਅਨ ਸਿਟੀ ਦੇ ਰਾਜਾ ਸਵੀਟਸ ਅਤੇ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਵੱਲੋਂ ਸਵੇਰ ਤੋਂ ਹੀ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਕੁੱਲ ਮਿਲਾ ਕੇ ਇਹ ਕਬੱਡੀ ਕੱਪ ਦਰਸ਼ਕਾਂ ਦੇ ਰਿਕਾਰਡ ਤੋੜ ਇਕੱਠ ਵਿੱਚ ਸਫਲਤਾ ਦੇ ਝੰਡੇ ਗੱਡਦਾ ਹੋਇਆ ਸਮਾਪਤ ਹੋਇਆ ਇਸ ਲਈ ਸਾਰੀ ਹੀ ਪ੍ਰਬੰਧਕੀ ਕਮੇਟੀ ਵਧਾਈ ਦੀ ਪਾਤਰ ਹੈ।

# ਦਾਲਿ ਸੀਧਾ ਮਾਗਉ ਘੀਉ।।

ਬਹਾਦਰ ਸਿੰਘ ਗਿੱਲ
ਫਰਿਜ਼ਨੋ, ਕੈਲੀਫੋਰਨੀਆਂ
(559) 289-0013

ਬੀਨਜ਼ (ਲੈਗਿਊਮਜ਼) ਅਤੇ ਦਾਲਾਂ (ਲੈਂਟਿਲਜ਼) ਰਾਹੀਂ ਸਰੀਰ ਦਾ ਇਲਾਜ (ਹੀਲਿੰਗ):

ਛੋਲੇ, ਮਟਰ, ਮੂੰਗਫਲੀ, ਰਾਜਮਾਂਹ ਆਦਿ ਸਰੀਰ ਨੂੰ ਸਿਹਤਮੰਦ ਰੱਖਣ ਵਾਲੇ ਪਦਾਰਥ ਹਨ। ਇਨ੍ਹਾਂ ਵਿੱਚ ਪਾਏ ਜਾਣ ਵਾਲੇ ਤੱਤ ਇਸ ਤਰ੍ਹਾਂ ਹਨ:

ਫੈਟ (ਥਿੰਦਾ) ਘੱਟ ਮਾਤਰਾ ਵਿੱਚ,
ਪ੍ਰੋਟੀਨ ਜ਼ਿਆਦਾ
ਫਾਈਬਰ ਜ਼ਿਆਦਾ
ਲੋਹਾ, ਜ਼ਿੰਕ, ਕੈਲਸ਼ੀਅਮ, ਸੈਲੀਨੀਅਮ ਅਤੇ ਫੋਲੇਟ ਕਾਫੀ ਮਾਤਰਾ ਵਿੱਚ
ਐਂਟੀ ਆਕਸੀਡੈਂਟ ਜ਼ਿਆਦਾ

ਇਹ ਦਿਲ ਦੀਆਂ ਬਿਮਾਰੀਆਂ, ਸ਼ੂਗਰ, ਮੋਟਾਪਾ ਅਤੇ ਕੈਂਸਰ ਘੱਟ ਕਰਨ ਲਈ ਮਦਦ ਕਰਦੇ ਹਨ।

ਬੀਨਜ਼, ਮਟਰ ਜਾਂ ਦਾਲਾਂ ਨੂੰ ਛਕਣ ਨਾਲ ਪੈਦਾ ਹੋਣ ਵਾਲੀ ਗੈਸ ਨੂੰ ਘੱਟ ਕਰਨ ਲਈ ਹੇਠਾਂ ਲਿਖੇ ਨੁਸਖੇ ਕੰਮ ਆ ਸਕਦੇ ਹਨ:

ਜਿਸ ਜਲ ਵਿੱਚ ਦਾਲਾਂ ਨੂੰ ਭਿਉਣਾ ਹੋਵੇ, ਉਸ ਵਿੱਚ ਚਮਚ ਦਾ ਅੱਠਵਾਂ ਹਿੱਸਾ ਬੇਕਿੰਗ ਸੋਡਾ ਪਾ ਦਿਓ। ਇਸ ਨਾਲ ਰੈਫੀਨੋਜ਼ ਸ਼ੂਗਰ ਬਾਹਰ ਨਿਕਲ ਜਾਂਦੀ ਹੈ ਅਤੇ ਗੈਸ ਪੈਦਾ ਹੋਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ।

ਦਾਲਾਂ ਨੂੰ ਚੰਗੀ ਤਰ੍ਹਾਂ ਧੋਵੋ ਅਤੇ ਜਿਸ ਜਲ ਨਾਲ ਇਨ੍ਹਾਂ ਨੂੰ ਧੋਤਾ ਗਿਆ ਹੋਵੇ, ਓਸੇ ਵਿੱਚ ਇਹਨਾਂ ਨੂੰ ਪਕਾਉਣਾ ਨਹੀਂ ਚਾਹੀਦਾ, ਕਿਉਂਕਿ ਇਸ ਜਲਰੈਫੀਨੋਜ਼ ਸ਼ੂਗਰ ਨਾਲ ਭਰਪੂਰ ਹੁੰਦਾ ਹੈ।

ਜਲ ਵਿੱਚ ਇੱਕ ਚਮਚ ਸੇਬਾਂ ਦਾ ਸਿਰਕਾ ਪਾ ਕੇ ਅੱਠ ਦਸ ਘੰਟੇ ਭਿਉਣ ਨਾਲ ਰੈਫੀਨੋਜ਼ ਸ਼ੂਗਰ ਘਟ ਜਾਂਦੀ ਹੈ।

ਹੌਲੀ ਹੌਲੀ ਪਕਾਉਣ ਨਾਲ ਵੀ ਗੈਸ ਪੈਦਾ ਕਰਨ ਵਾਲੀ ਰੈਫੀਨੋਜ਼ ਸ਼ੂਗਰ ਘਟ ਜਾਂਦੀ ਹੈ।



ਡੱਬੇ (ਕੈਨ) ਵਿਚਲੇ ਬੀਨ ਚੰਗੀ ਤਰ੍ਹਾਂ ਧੋ ਲਓ, ਇਸ ਨਾਲ ਰੈਫੀਨੋਜ਼ ਸ਼ੂਗਰ ਅਤੇ ਅੱਧਾ ਸੋਡੀਅਮ ਵੀ ਚਲਾ ਜਾਏਗਾ।

ਅਰਹਰ ਦੀ ਦਾਲ ਗੈਸ ਵਧਾਉਣ ਦੇ ਕਾਰਨ ਸਰੀਰ ਵਿੱਚ ਖੁਸ਼ਕੀ ਪੈਦਾ ਕਰਦੀ ਹੈ। ਪਚਣ ਵਿੱਚ ਹਲਕੀ ਹੁੰਦੀ ਹੈ। ਇਸਦੀ ਵਰਤੋਂ ਨਾਲ ਮਲ ਠੀਕ ਆਉਂਦਾ ਹੈ ਅਤੇ ਪਿੱਤ ਦੀ ਤਕਲੀਫ ਵਿੱਚ ਵੀ ਲਾਭਦਾਇਕ ਹੈ। ਖੂਨ ਦੀ ਖਰਾਬੀ ਵਿੱਚ ਵੀ ਉਪਯੋਗੀ ਹੈ। ਅਰਹਰ ਦੀ ਦਾਲ, ਨਮਕ ਅਤੇ ਸੁੰਢ ਮਿਲਾ ਕੇ, ਤੜਕਾ ਲਗਾ ਕੇ ਮਾਲਸ਼ ਕਰਨ ਨਾਲ ਸਰੀਰ ਦੀ ਟੁੱਟ ਭੱਜ ਮਿਟਦੀ ਹੈ, ਜ਼ਿਆਦਾ ਪਸੀਨਾ ਆਉਣੋਂ ਹਟ ਜਾਂਦਾ ਹੈ। ਸਰਦੀ ਅਤੇ ਕੰਬਣੀ ਲੱਗਣੀ ਠੀਕ ਹੋ ਜਾਂਦੀ ਹੈ। ਇਸਦੀ ਦਾਲ ਛਿਲਕੇ ਸਮੇਤ ਪਾਣੀ ਵਿੱਚ ਭਿਉਂ ਕੇ ਇਸ ਪਾਣੀ ਨਾਲ ਕੁਰਲੀ ਕਰਨ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ। ਇਹ ਗਰਮੀ ਦਾ ਅਸਰ ਦੂਰ ਕਰਦੀ ਹੈ।

ਮਾਂਹ ਦੀ ਦਾਲ ਵਿੱਚ ਤਾਕਤ ਵਧਾਊ ਗੁਣ ਹੈ। ਮਾਂਹ ਕਿਸ ਵੀ ਤਰੀਕੇ ਨਾਲ ਖਾਣ ਨਾਲ ਤਾਕਤ ਵਧਦੀ ਹੈ। ਰਾਤ ਨੂੰ ਅੱਧੀ ਛਟਾਂਕ ਮਾਂਹ ਦੀ ਦਾਲ ਭਿਉਂ ਦਿਓ। ਸਵੇਰੇ ਇਸ ਨੂੰ ਪੀਸ ਕੇ ਦੁੱਧ ਅਤੇ ਮਿਸ਼ਰੀ ਮਿਲਾ ਕੇ ਪੀਓ। ਇਹ ਸਾਧਨ ਦਿਲ ਅਤੇ ਦਿਮਾਗ ਨੂੰ ਤਾਕਤ ਦਿੰਦਾ ਹੈ। ਮਾਂਹ ਦੀ ਦਾਲ ਪੀਸ ਕੇ ਇੱਕ ਚਮਚ ਦੇਸੀ ਘਿਓ, ਅੱਧਾ ਚਮਚ ਸ਼ਹਿਦ ਮਿਲਾ ਕੇ ਚੱਟੋ। ਉਪਰੋਂ ਮਿਸ਼ਰੀ ਮਿਲਿਆ ਦੁੱਧ ਪੀਓ। ਇਹ ਸਾਧਨ ਸਰੀਰ ਨੂੰ ਤਾਕਤਵਰ ਬਣਾਉਂਦਾ ਹੈ ਤੇ ਖੂਨ ਵਧਾਉਂਦਾ ਹੈ।

ਮਾਂਹ ਦੀ ਦਾਲ ਬਵਾਸੀਰ, ਗੰਠੀਏ, ਅਤੇ ਦਮੇ ਵਿੱਚ ਵੀ ਲਾਭਦਾਇਕ ਹੈ।

ਚਿੱਟੇ ਦਾਗ ਹੋਣ ਤਾਂ ਮਾਂਹ ਦੇ ਦਾਣੇ ਭਿਉਂ ਕੇ ਦੁਬਾਰਾ ਪੀਸ ਕੇ ਦਾਗ ਤੇ ਰੋਜ ਚਾਰ ਮਹੀਨੇ ਤੱਕ ਲਾਉਣ ਨਾਲ ਦਾਗ ਹਟ ਜਾਣਗੇ।

ਅਧਰੰਗ ਵਿੱਚ ਮਾਂਹ ਅਤੇ ਸੁੰਢ ਨੂੰ ਚਾਹ ਵਾਂਗ ਉਬਾਲ ਕੇ ਇਸਦਾ ਪਾਣੀ ਪਿਲਾਓ।

ਫੋੜੇ ਵਿੱਚੋਂ ਗਾੜ੍ਹੀ ਪੀਕ ਨਿਕਲੇ ਤਾਂ ਮਾਂਹ ਦੀ ਦਾਲ ਦੀ ਲੁਪਰੀ ਬੰਨੋ।

ਨਕਸੀਰਜਾਂ ਸਿਰ ਦਰਦ ਹੋਵੇ ਤਾਂ ਮਾਂਹ ਦੀ ਦਾਲ ਭਿਓਂ ਕੇ ਪੀਸ ਕੇ ਮੱਥੇ ਤੇ ਲੇਪ ਕਰੋ। ਇਸ ਤਰ੍ਹਾਂ ਨਕਸੀਰ ਅਤੇ ਗਰਮੀ ਨਾਲ ਹੋਇਆ ਸਿਰ ਦਰਦ ਠੀਕ ਹੋ ਜਾਂਦਾ ਹੈ।

ਮੂੰਗੀ ਦੀ ਦਾਲ ਪਚਣ ਵਿੱਚ ਹਲਕੀ ਅਤੇ ਖੁਸ਼ਕ ਹੁੰਦੀ ਹੈ। ਇਸਦੀ ਤਾਸੀਰ ਠੰਡੀ ਹੋਣ ਕਾਰਨ ਇਹ ਪਿੱਤ-ਨਾਸ਼ਕ ਹੈ। ਇਸ ਨਾਲ ਸਰੀਰ ਅਤੇ ਪੇਟ ਦੀ ਜਲਨ ਸ਼ਾਂਤ ਹੋ ਜਾਂਦੀ ਹੈ। ਸਾਬਤ ਮੂੰਗੀ ਦੀ ਦਾਲ ਅੱਖਾਂ ਦੇ ਲਈ ਬਹੁਤ ਹੀ ਲਾਭਦਾਇਕ ਹੁੰਦੀ ਹੈ। ਇਸ ਨੂੰ ਸਾਬਤ ਛਿਲਕੇ ਸਮੇਤ ਜਾਂ ਛਿਲਕਾ ਉਤਾਰ ਕੇ ਵਰਤਿਆ ਜਾਂਦਾ ਹੈ। ਹਰ ਤਰ੍ਹਾਂ ਦੇ ਬੁਖਾਰ ਵਿੱਚ ਸਾਬਤ ਮੂੰਗੀ ਜਾਂ ਧੋਤੀ ਮੂੰਗੀ ਦੀ ਦਾਲ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਬੁਖਾਰ ਹੋਣ ਤੇ ਮੂੰਗੀ ਦੀ ਦਾਲ ਵਿੱਚ ਸੁੱਕੇ ਅਉਲੇ ਪਾ ਕੇ ਪਕਾਓ ਅਤੇ ਰੋਜ ਦੋ ਵਾਰ ਛਕੋ। ਇਸ ਨਾਲ ਬੁਖਾਰ ਠੀਕ ਹੁੰਦਾ ਹੈ ਅਤੇ ਮਲ ਸਾਫ ਆਵੇਗਾ।

ਚਮੜੀ ਸੜ ਜਾਵੇ ਤਾਂ ਮੂੰਗੀ ਨੂੰ ਜਲ ਵਿੱਚ ਪੀਸ ਕੇ ਲੇਪ ਲਗਾਓ।

ਕਬਜ ਹੋ ਜਾਵੇ ਤਾਂ ਚੌਲ ਤੇ ਮੂੰਗੀ ਦੀ ਖਿਚੜੀ ਖਾਓ। ਦੋ ਹਿੱਸੇ ਮੂੰਗੀ ਦੀ ਦਾਲ ਇੱਕ ਹਿੱਸਾ ਚੌਲ ਮਿਲਾ ਕੇ ਖਿਚੜੀ ਬਣਾ ਲਓ। ਸਵਾਦ ਅਨੁਸਾਰ ਨਮਕ ਵੀ ਮਿਲਾਇਆ ਜਾ ਸਕਦਾ ਹੈ। ਇਸ ਖਿਚੜੀ ਨੂੰ ਥੋੜਾ ਘਿਓ ਪਾ ਕੇ ਖਾਓ। ਇਸ ਸਾਧਨ ਨਾਲ ਕਬਜ ਦੂਰ ਹੁੰਦੀ ਹੈ ਅਤੇ ਮਲ ਸਾਫ ਆਉਂਦਾ ਹੈ।

ਦਾਦ ਖਾਰਸ਼ ਦੀ ਹਾਲਤ ਵਿੱਚ ਸਾਬਤ ਮੂੰਗੀ ਬਰਾਬਰ ਪਾਣੀ ਵਿੱਚ ਭਿਓਂ ਦਿਓ। ਦੋ ਘੰਟੇ ਭਿੱਜਣ ਤੋਂ ਬਾਦ ਉਸ ਨੂੰ ਪੀਸ ਕੇ ਦਾਦ, ਖਾਰਸ਼ ਤੇ ਲਾਉਣ ਨਾਲ ਲਾਭ ਹੁੰਦਾ ਹੈ।

ਜ਼ਿਆਦਾ ਪਸੀਨਾ ਆਉਂਦਾ ਹੋਵੇ ਤਾਂ ਮੂੰਗੀ ਨੂੰ ਭੁੰਨ ਕੇ ਪੀਸ ਲਓ। ਇਸ ਨੂੰ ਵਟਣੇ ਵਾਂਗ ਮਲਣ ਨਾਲ ਅਰਾਮ ਆਵੇਗਾ।

ਤਾਕਤ ਵਧਾਉਣ ਲਈ ਰੋਜ ਮੂੰਗੀ ਦੀ ਦਾਲ ਖਾਓ। ਲੰਮਾ ਸਮਾਂ ਬਿਮਾਰ ਰਹਿਣ ਦੇ ਬਾਦ ਠੀਕ ਹੋਣ ਤੇ ਮੂੰਗੀ ਦੀ ਦਾਲ ਰੋਜ ਖਾਣ ਨਾਲ ਤਾਕਤਵਧਦੀ ਹੈ। ਕਮਜੋਰ ਰੋਗੀ ਜਿਹੜੇ ਅੰਨ ਨਹੀਂ ਖਾ ਸਕਦੇ, ਉਹਨਾਂ ਲਈ ਸਾਬਤ ਮੂੰਗੀ ਜਲ ਵਿੱਚ ਉਬਾਲ ਕੇ ਇਸ ਜਲ ਨੂੰ ਪੁਣ ਲਓ ਅਤੇ ਇਸ ਜਲ ਵਿੱਚ ਨਮਕ ਅਤੇ ਕਾਲੀ ਮਿਰਚ ਸਵਾਦ ਅਨੁਸਾਰ ਪਾ ਕੇ ਹਿੰਗ ਦਾ ਤੜਕਾ ਲਾ ਲਓ। ਇਸ ਮਿਸ਼ਰਣ ਨੂੰ ਥੋੜਾ ਥੋੜਾ ਵਾਰ ਵਾਰ ਉਸ ਨੂੰ ਪਿਲਾਓ। ਇਹ ਸਵਾਦੀ, ਪਚਣ ਵਾਲਾ ਅਤੇ ਨਿਰਦੋਖ ਤਰਲ ਅੰਨ ਹੈ ਜੋ ਤਾਕਤ ਦਿੰਦਾ ਹੈ। ਮੂੰਗੀ ਦੇ ਲੱਡੂ ਖਾਣ ਨਾਲ ਵੀ ਤਾਕਤ ਵਧਦੀ ਹੈ।

ਮਸਰਾਂ ਦੀ ਦਾਲ ਦੀ ਵਰਤੋਂ ਸਾਬਤ ਅਤੇ ਧੋਤੀ ਹੋਈ ਮੂੰਗੀ ਦੀ ਦਾਲ ਦੇ ਵਿੱਚ ਕੀਤੀ ਜਾਂਦੀ ਹੈ। ਇਹ ਪਚਣ ਵਿੱਚ ਹਲਕੀ ਹੁੰਦੀ ਹੈ ਅਤੇ ਪੇਟ ਠੀਕ ਰੱਖਦੀ ਹੇ। ਇਹ ਗਰਮ, ਖੁਸ਼ਕ, ਖੂਨ ਵਧਾਉਣ ਅਤੇ ਗਾੜ੍ਹਾ ਕਰਨ ਵਾਲੀ ਹੁੰਦੀ ਹੈ। ਵਾਤ ਕਾਰਕ ਹੋਣ ਕਰਕੇ ਸਰੀਰ ਵਿੱਚ ਖੁਸ਼ਕੀ ਦਾ ਵਾਧਾ ਕਰਦੀ ਹੈ। ਇਸਦੀ ਲਗਾਤਾਰ ਵਰਤੋਂ ਨਾਲ ਛਾਤੀ ਦੀਆਂ ਕਈ ਬਿਮਾਰੀਆਂ ਠੀਕ ਹੁੰਦੀਆਂ ਹਨ।

ਕਿੱਲ ਠੀਕ ਕਰਨ ਵਾਸਤੇ ਮਸਰਾਂ ਦੀ ਦਾਲ ਨੂੰ ਧੋ ਕੇ ਬਰਾਬਰ ਜਲ ਵਿੱਚ ਭਿਉਂ ਦਿਓ। ਇਸ ਨੂੰ ਪੀਸ ਕੇ ਦੁੱਧ ਵਿੱਚ ਮਿਲਾ ਕੇ ਸਵੇਰੇ ਸ਼ਾਮ, ਦੋ ਵਾਰ ਚਿਹਰੇ ਤੇ ਮਿਲੋ। ਰਾਤ ਨੂੰ ਸੌਣ ਵੇਲੇ ਜਾਇਫਲ ਅਤੇ ਕਾਲੀ ਮਿਰਚ ਦੋਨੋਂ ਕੱਚੇ ਦੁੱਧ ਵਿੱਚ ਪੀਸ ਕੇ ਲਗਾਓ।

ਖੂਨੀ ਬਵਾਸੀਰ ਹੋਵੇ ਤਾਂ ਸਵੇਰ ਦੇ ਭੋਜਨ ਦੇ ਨਾਲ ਮਸਰਾਂ ਦੀ ਦਾਲ ਖਾਣ ਅਤੇ ਇੱਕ ਗਲਾਸ ਖੱਟੀ ਲੱਸੀ ਪੀਣ ਨਾਲ ਲਾਭ ਹੁੰਦਾ ਹੈ।

ਪੇਟ ਦੀ ਪਾਚਨ ਕਿਰਿਆ ਨਾਲ ਸੰਬੰਧਿਤ ਹਰ ਪ੍ਰਕਾਰ ਦੇ ਰੋਗਾਂ ਵਿੱਚ ਮਸਰਾਂ ਦੀ ਦਾਲ ਲਾਭ ਕਰਦੀ ਹੈ।

ਮੋਠਾਂ ਦੀ ਦਾਲ ਖਾਣ ਨਾਲ ਅਰੁਚੀ ਦੂਰ ਹੁੰਦੀ ਹੈ। ਪਸੀਨਾ ਜ਼ਿਆਦਾ ਆਉਂਦਾ ਹੋਵੇ ਤਾਂ ਮੋਠਾਂ ਨੂੰ ਭੁੰਨ ਕੇ ਪੀਸ ਲਓ। ਇੱਕ ਮੁੱਠੀ ਮੋਠਾਂ ਦੇ ਆਟੇ ਵਿੱਚ ਅੱਧਾ ਚਮਚ ਨਮਕ ਮਿਲਾ ਲਓ। ਦੋਨਾਂ ਨੂੰ ਚੰਗੀ ਤਰ੍ਹਾਂ ਮਿਲਾ ਕੇ, ਜਿੱਥੇ ਜ਼ਿਆਦਾ ਪਸੀਨਾ ਆਉਂਦਾ ਹੋਵੇ, ਸੁੱਕਾ ਹੀ ਮਲੋ। ਇਸ ਨਾਲ ਜ਼ਿਆਦਾ ਪਸੀਨਾ ਆਉਣਾ ਠੀਕ ਹੋ ਜਾਂਦਾ ਹੈ।

ਕਾਲੇ ਛੋਲਿਆਂਦੀ ਵਰਤੋਂ ਨਾਲ ਭੋਜਨ ਦੇ ਸਾਰੇ ਤੱਤਾਂ ਦੀ ਪੂਰਤੀ ਹੋ ਜਾਂਦੀ ਹੈ।

ਛੋਲੇ ਚੌਵੀ ਘੰਟੇ ਪਾਣੀ ਵਿੱਚ ਭਿਓਂ ਦਿਓ। ਫਿਰ ਇਨ੍ਹਾਂ ਨੂੰ ਭਿੱਜੇ ਹੋਏ ਕੱਪੜੇ ਵਿੱਚ 20 ਘੰਟੇ ਬੰਨੀਂ ਰੱਖੋ। ਇਨ੍ਹਾਂ ਪੁੰਗਰੇ ਹੋਏ ਛੋਲਿਆਂ ਤੇ ਨਿੰਬੂ ਨਿਚੋੜੋ, ਪੀਸਿਆ ਹੋਇਆ ਅਧਰਕ, ਕਾਲੀ ਮਿਰਚ ਜਾਂ ਸਮੁੰਦਰੀ ਨਮਕ ਵੀ ਪਾਇਆ ਜਾ ਸਕਦਾ ਹੈ। ਇਸ ਭੋਜਨ ਨਾਲ ਵਿਟਾਮਿਨ ਸੀ ਮਿਲਦਾ ਹੈ, ਖੂਨ ਤੇ ਬਾਰ ਵਧਦਾ ਹੈ। ਛੋਲੇ ਸਿਹਤ ਠੀਕ ਰੱਖਦੇ ਹਨ ਅਤੇ ਦਿਲ ਦੇ ਰੋਗਾਂ ਵਿੱਚ ਲਾਭਦਾਇਕ ਹਨ।

ਛੋਲਿਆਂ ਵਿੱਚ 41 ਗ੍ਰਾਮ ਪ੍ਰੋਟੀਨ ਅਤੇ 864 ਕੈਲਰੀ ਊਰਜਾ ਹੁੰਦੀ ਹੈ।

ਚਿੱਟੇ ਦਾਗ ਦੂਰ ਕਰਨ ਲਈ ਇੱਕ ਮੁੱਠੀ ਕਾਲੇ ਛੋਲੇ ਅਤੇ ਦਸ ਗ੍ਰਾਮ ਤ੍ਰਿਫਲਾ ਚੂਰਨ (ਹਰੜ, ਬਹੇੜਾ, ਅਉਲਾ) 125 ਗ੍ਰਾਮ ਪਾਣੀ ਵਿੱਚ ਭਿਓਂ ਦਿਓ। 24 ਘੰਟੇ ਬਾਦ ਪੁੰਗਰ ਜਾਣ ਤੇ ਇਨ੍ਹਾਂ ਛੋਲਿਆਂ ਨੂੰ ਚਬਾ ਚਬਾ ਕੇ ਲਗਾਤਾਰ ਕੁਝ ਮਹੀਨੇ ਖਾਣ ਨਾਲ ਚਿੱਟੇ ਦਾਗ ਦੂਰ ਹੋ ਜਾਂਦੇ ਹਨ।

ਜਲੋਧਰ: 25 ਗ੍ਰਾਮ ਛੋਲਿਆਂ ਨੂੰ 25 ਗ੍ਰਾਮ ਪਾਣੀ ਵਿੱਚ ਉਬਾਲ ਕੇ ਅੱਧਾ ਪਾਣੀ ਰਹਿਣ ਤੇ ਪੀਣ ਨਾਲ ਜਲੋਧਰ ਵਿੱਚ ਲਾਭ ਹੁੰਦਾ ਹੈ। ਇਹ ਲਗਾਤਾਰ 3 ਹਫਤੇ ਪੀਓ।

ਪੀਲੀਆ: ਇੱਕ ਮੁੱਠੀ ਛੋਲਿਆਂ ਦੀ ਦਾਲ ਦੋ ਗਲਾਸ ਪਾਣੀ ਵਿੱਚ ਭਿਓਂ ਦਿਓ। ਫਿਰ ਦਾਲ ਨੂੰ ਕੱਢ ਕੇ ਬਰਾਬਰ ਮਾਤਰਾ ਵਿੱਚ ਗੁੜ ਮਿਲਾ ਕੇ ਤਿੰਨ ਦਿਨ ਤੱਕ ਖਾਓ। ਪਿਆਸ ਲੱਗਣ ਤੇ ਦਾਲ ਦਾ ਪਾਣੀ ਪੀਓ।

ਦਰਦ: ਪਿੱਠ, ਹੱਥ, ਪੈਰ ਆਦਿ ਦਰਦ ਵਾਲੀ ਜਗ੍ਹਾ ਤੇ ਵੇਸਣ ਪਾ ਕੇ ਰੋਜ ਮਾਲਿਸ਼ ਕਰੋ। ਇਸ ਤਰ੍ਹਾਂ ਮਾਲਿਸ਼ ਕਰਨ ਨਾਲ ਦਰਦ ਠੀਕ ਹੋ ਜਾਂਦਾ ਹੈ।

ਸਿਹਤਮੰਦ ਚਮੜੀ ਲਈ ਵੇਸਣ ਨਾਲ ਚਮੜੀ ਧੋਵੋ। ਧੱਬੇ, ਸ਼ਾਹੀਆਂ ਠੀਕ ਹੋ ਜਾਂਦੀਆਂ ਹਨ। ਤੇਜ਼ ਧੁੱਪ, ਗਰਮੀ, ਲੂ ਤੋਂ ਰੱਖਿਆ ਕਰਨ ਦੇ ਲਈ ਵੇਸਣ ਨੂੰ ਦੁੱਧ ਜਾਂ ਦਹੀਂ ਵਿੱਚ ਮਿਲਾ ਕੇ ਗਾੜ੍ਹਾ ਲੇਪ ਬਣਾ ਲਓ। ਇਸ ਨੂੰ ਸਵੇਰੇ, ਸ਼ਾਮ ਅੱਧਾ ਘੰਟਾ ਚਮੜੀ ਦੇ ਲਾਉਣ ਨਾਲ ਚਮੜੀ ਸਿਹਤਮੰਦ ਹੋ ਜਾਂਦੀ ਹੈ।

ਚਮੜੀ ਰੋਗ (ਧੱਦਰ, ਖਾਰਸ਼): ਛੋਲਿਆਂ ਦੇ ਆਟੇ ਦਾ ਪਰਸ਼ਾਦਾ ਬਿਨਾਂ ਨਮਕ 64 ਦਿਨ ਤੱਕ ਖਾਣ ਨਾਲ ਧੱਦਰ, ਖਾਰਸ਼, ਖੂਨ ਦੀ ਖਰਾਬੀ ਦੂਰ ਹੋ ਜਾਂਦੀ ਹੈ।

ਰਾਤ ਨੂੰ ਸੌਣ ਵੇਲੇ ਇੱਕ ਮੁੱਠੀ ਭੁੰਨੇ ਹੋਏ ਛੋਲੇ ਖਾ ਕੇ ਉਪਰੋਂ ਇੱਕ ਗਲਾਸ ਗਰਮ ਦੁੱਧ ਪੀਣ ਨਾਲ ਸਾਹ ਨਾਲੀ ਦੀ ਬਲਗਮ ਨਿਕਲ ਜਾਂਦੀ ਹੈ।



ਕਬਜ ਵਾਸਤੇ ਇੱਕ ਜਾਂ ਦੋ ਮੁੱਠੀ ਛੋਲੇ ਧੋ ਕੇ ਰਾਤ ਭਿਉਂ ਦਿਓ। ਸਵੇਰੇ ਜੀਰਾ ਅਤੇ ਸੁੰਢ ਪੀਸ ਕੇ ਛੋਲਿਆਂ ਵਿੱਚ ਪਾ ਕੇ ਖਾਓ। ਘੰਟੇ ਬਾਦ ਭਿੱਜੇ ਹੋਏ ਛੋਲਆਂ ਦੇ ਪਾਣੀ ਨੂੰ ਵੀ ਪੀ ਲਓ।

ਰਾਤ ਨੂੰ ਕਾਲੇ ਛੋਲੇ ਦੁੱਧ ਵਿੱਚ ਭਿਉਂ ਦਿਓ ਅਤੇ ਸਵੇਰੇ ਖਾਓ। ਛੋਲੇ ਅਤੇ ਜੌਂ ਬਰਾਬਰ ਭਾਗ ਵਿੱਚ ਮਿਲਾ ਕੇ ਇਸਦੇ ਆਟੇ ਦੀ ਰੋਟੀ ਸਵੇਰੇ ਸ਼ਾਮ ਖਾਉ। ਸਿਰਫ ਛੋਲਿਆਂ ਦੇ ਆਟੇ (ਵੇਸਣ) ਦੀ ਰੋਟੀ ਦਸ ਦਿਨ ਤੱਕ ਖਾਂਦੇ ਰਹਿਣ ਨਾਲ ਪਿਸ਼ਾਬ ਵਿੱਚ ਸ਼ੱਕਰ ਆਉਣੀ ਬੰਦ ਹੋ ਸਕਦੀ ਹੈ।

ਵਾਰ ਵਾਰ ਪਿਸ਼ਾਬ ਆਉਣ ਤੇ ਭੁੰਨੇ ਹੋਏ ਛੋਲੇ ਖਾ ਕੇ, ਉਪਰੋਂ ਥੋੜਾ ਜਿਹਾ ਗੁੜ ਖਾਓ। ਦਸ ਦਿਨ ਲਗਾਤਾਰ ਖਾਣ ਜ਼ਿਆਦਾ ਪਿਸ਼ਾਬ ਆਉਣਾ ਠੀਕ ਹੋ ਜਾਵੇਗਾ। ਬਜ਼ੁਰਗਾਂ ਨੂੰ ਜ਼ਿਆਦਾ ਦਿਨ ਇਸ ਸਾਧਨ ਨੂੰ ਕਰਨਾ ਚਾਹੀਦਾ ਹੈ।

ਮੋਟਾਪਾ ਘਟਾਉਣ ਲਈ ਨਾਸ਼ਤੇ ਵਿਚ ਛੋਲੇ ਚਾਹ ਨਾਲ ਖਾਉ।

ਦਿਲ ਦੇ ਰੋਗੀਆਂ ਲਈ ਕਾਲੇ ਛੋਲੇ ਬਹੁਤ ਲਾਭਦਾਇਕ ਹਨ।

ਗੁਰਦੇ (ਕਿਡਨੀ) ਜਾਂ ਮਸਾਨੇ (ਬਲੈਡਰ) ਵਿੱਚ ਪੱਥਰੀ ਹੋਵੇ ਤਾਂ ਰਾਤ ਨੂੰ ਇੱਕ ਮੁੱਠੀ ਛੋਲਿਆਂ ਦੀ ਦਾਲ ਭਿਉਂ ਦਿਓ, ਸਵੇਰੇ ਇਸ ਦਾਲ ਵਿੱਚ ਸ਼ਹਿਦ ਮਿਲਾ ਕੇ ਖਾਓ।

ਕਣਕ ਅਤੇ ਛੋਲਿਆਂ ਨੂੰ ਉਬਾਲ ਕੇ ਉਸ ਦਾ ਪਾਣੀ ਪੀਣ ਨਾਲ ਗੁਰਦੇ ਅਤੇ ਮਸਾਨੇ ਦੀ ਪੱਥਰੀ ਗਲ ਜਾਂਦੀ ਹੈ।

ਭੁੱਖ ਘੱਟ ਕਰਨਾ: ਇੱਕ ਕੱਪ ਕਾਲੇ ਛੋਲੇ ਤਿੰਨ ਗਲਾਸ ਪਾਣੀ ਵਿੱਚ ਉਬਾਲੋ। ਫਿਰ ਪੁਣ ਕੇ ਇਹ ਪਾਣੀ ਪੀਣ ਨਾਲ ਜਿਨ੍ਹਾਂ ਨੂੰ ਭੁੱਖ ਜ਼ਿਆਦਾ ਲੱਗਦੀ ਹੋਵੇ, ਓਨ੍ਹਾਂ ਦੀ ਭੁੱਖ ਘੱਟ ਕਰਦੀ ਹੈ।

ਜਲਣ ਪੇਚਸ ਵਿੱਚ ਦੋ ਮੁੱਠੀ ਛੋਲਿਆਂ ਦਾ ਛਿਲਕਾ ਦੋ ਗਲਾਸ ਪਾਣੀ ਵਿੱਚ ਮਿੱਟੀ ਦੇ ਕੋਰੇ ਬਰਤਨ ਵਿੱਚ ਰਾਤ ਨੂੰ ਭਿਓਂ ਦਿਓ। ਇਹ ਪਾਣੀ ਪੁਣ ਕੇ ਸਵੇਰੇ ਪੀ ਲਉ। ਜਲਣ ਅਤੇ ਗਰਮੀ ਦੇ ਕਾਰਨ ਦਸਤਾਂ ਵਿੱਚ ਖੂਨ ਆਉਂਦਾ ਹੋਵੇ ਤਾਂ ਠੀਕ ਹੋ ਜਾਂਦਾ ਹੈ।

ਛੋਲਿਆਂ ਦੀ ਭਿੱਜੀ ਦਾਲ ਨੂੰ ਪੀਸ ਕੇ ਉਸ ਵਿੱਚ ਹਲਦੀ ਅਤੇ ਬਦਾਮ ਰੋਗਨ ਪਾ ਕੇ ਵਟਣਾ ਬਣਾਓ। ਇਸ ਵਟਣੇ ਨਾਲ ਚਮੜੀ ਦੀ ਸਿਹਤ ਦੀ ਬਹੁਤ ਲਾਭਕਾਰੀ ਹੋਵੇਗਾ।

ਪੁਰਾਤਨ ਸਿੰਘਾਂ ਦੀ ਤਾਂ ਖੁਰਾਕ ਹੀ ਇਹ ਸੀ। ਇੱਕ ਮੁੱਠੀ ਭੁੱਜੇ ਹੋਏ ਕਾਲੇ ਛੋਲੇ ਖਾ ਕੇ ਅਤੇ ਇੱਕ ਘੁੱਟ ਪਾਣੀ ਪੀ ਕੇ ਹੀ ਸਿੰਘ ਜੰਗਲਾਂ ਵਿੱਚ ਜਾਂ ਘੋੜਿਆਂ ਦੀ ਕਾਠੀਆਂ ਤੇ ਹੀ ਬਹੁਤ ਸਮਾਂ ਲੰਘਾ ਲੈਂਦੇ ਸੀ। ਜਿਹੜੀ ਖੁਰਾਕ ਦਾਦੇ ਪੜਦਾਦੇ ਖਾਂਦੇ ਰਹੇ ਹਨ ਉਹ ਜਰੂਰ ਹੀ ਲਾਭਦਾਇਕ ਹੈ।

ਉੜਦ ਦੀ ਦਾਲ (ਬਰੌਡ ਬੀਨ) ਵਿੱਚ ਕਾਫੀ ਵਿਟਾਮਿਨ ਸੀ, ਫਾਈਬਰ, ਪੋਟਾਸ਼ੀਅਮ, ਸੋਡੀਅਮ ਕਾਫੀ ਮਾਤਰਾ ਵਿੱਚ ਅਤੇ ਹੋਰ ਵੀ ਤੱਤ ਹਨ। ਇਸ ਦੇ ਬਾਰੇ ਇੱਕ ਹੀ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਇਸ ਨਾਲ ਦਹੀਂ ਨਹੀਂ ਖਾਣਾ ਚਾਹੀਦਾ। ਉੜਦ ਨੂੰ ਦਾਲਾਂ ਦਾ ਰਾਜਾ ਮੰਨਿਆ ਜਾਂਦਾ ਹੈ ਤੇ ਇਕੱਲਾ ਹੀ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਮੂੰਗਫਲੀ (ਪੀਨੱਟ) ਵਿੱਚ ਵਿਟਾਮਿਨ ਬੀ ਹੁੰਦਾ ਹੈ। ਤੇਲ ਦੀ ਜਰੂਰਤ ਪੂਰੀ ਕਰਨ ਦੇ ਲਈ ਇਹ ਸੰਸਾਰ ਵਿੱਚ ਮਸ਼ਹੂਰ ਹੈ। ਹੀਮੋਫਿਲੀਆ ਇੱਕ ਭਿਆਨਕ ਜਾਨਲੇਵਾ ਰੋਗ ਹੈ ਜਿਸ ਵਿੱਚ ਖੂਨ ਦੇ ਅੰਦਰ ਜੰਮਣ ਦੀ ਤਾਕਤ ਨਹੀਂ ਰਹਿੰਦੀ। ਦੇਸੀ ਦਵਾਈ ਵਿੱਚ ਇਸਦਾ ਇਲਾਜ ਮੂੰਗਫਲੀ ਹੈ। ਇਹ ਹੀਮੋਫਿਲੀਆ ਰੋਗ ਵਿੱਚ ਬਹੁਤ ਲਾਭ ਦਿੰਦੀ ਹੈ। ਮੂੰਗਫਲੀ ਦਾ ਤੇਲ ਚਮੜੀ ਦੀ ਹਰ ਬਿਮਾਰੀ ਲਈ ਲਾਭਦਾਇਕ ਹੈ। ਇਹ ਮਿੱਠਾ ਅਤੇ ਅੰਤੜੀਆਂ ਲਈ ਚੰਗਾ ਹੈ ਪਰ ਇਹ ਵਾਤ, ਬਲਗਮ ਅਤੇ ਖਾਂਸੀ ਨੂੰ ਪੈਦਾ ਕਰਦਾ ਹੈ। ਮੂੰਗਫਲੀ (ਪੀਨੱਟ) ਤੋਂ ਕਈਆਂ ਨੂੰ ਐਲਰਜੀ ਵੀ ਹੁੰਦੀ ਹੈ ਸੋ ਧਿਆਨ ਨਾਲ ਹੀ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ।

ਮੂੰਗਫਲੀ ਖਾਣ ਨਾਲ ਦੁੱਧ, ਬਦਾਮ ਅਤੇ ਘਿਉ ਦੀ ਪੂਰਤੀ ਹੋ ਜਾਂਦੀ ਹੈ। ਮੂੰਗਫਲੀ ਸਰੀਰ ਵਿੱਚ ਗਰਮੀ ਪੈਦਾ ਕਰਦੀ ਹੈ, ਇਸ ਲਈ ਸਰਦੀ ਦੇ ਮੌਸਮ ਵਿੱਚ ਜ਼ਿਆਦਾ ਲਾਭਦਾਇਕ ਹੈ। ਇਹ ਬਲਗਮ ਖਾਂਸੀ ਵਿੱਚ ਲਾਭਦਾਇਕ ਹੈ। ਮਿਹਦੇ ਅਤੇ ਫੇਫੜਿਆਂ ਨੂੰ ਤਾਕਤ ਦਿੰਦੀ ਹੈ। ਇਸ ਨੂੰ ਭੋਜਨ ਦੇ ਨਾਲ, ਜਿਵੇਂ ਸਬਜ਼ੀ, ਖਿਚੜੀ ਜਾਂ ਪੋਹੇ ਵਿੱਚ ਪਾ ਕੇ ਰੋਜ ਖਾਣਾ ਚਾਹੀਦਾ ਹੈ। ਮੂੰਗਫਲੀ ਪਾਚਨ ਸ਼ਕਤੀ ਨੂੰ ਵਧਾਉਂਦੀ ਹੈ ਅਤੇ ਸਵਾਦ ਹੁੰਦੀ ਹੈ ਪਰ ਗਰਮ ਸਰੀਰ ਵਾਲਿਆਂ ਲਈ ਹਾਨੀਕਾਰਕ ਵੀ ਹੈ। ਮੂੰਗਫਲੀ ਜ਼ਿਆਦਾ ਖਾਣ ਨਾਲ ਪਿੱਤ ਰੋਗ ਵਧਦਾ ਹੈ।

ਇੱਕ ਕੌਲੀ ਭੁੰਨੀ ਹੋਈ ਮੂੰਗਫਲੀ ਵਿੱਚ ਪ੍ਰੋਟੀਨ, ਕੈਲਰੀਆਂ ਅਤੇ ਵਿਟਾਮਿਨ ਕੇ, ਈ ਅਤੇ ਬੀ ਭਰਪੂਰ ਮਾਤਰਾ ਹੁੰਦੇ ਹਨ। ਇਹ ਇੱਕ ਪੌਸ਼ਟਿਕ ਆਹਾਰ ਹੈ। ਸਰਦੀਆਂ ਵਿੱਚ ਚਮੜੀ ਖੁਸ਼ਕ ਹੋ ਜਾਂਦੀ ਹੈ। ਥੋੜਾ ਜਿਹਾ ਮੂੰਗਫਲੀ ਦਾ ਤੇਲ, ਦੁੱਧ ਅਤੇ ਗੁਲਾਬ ਜਲ ਮਿਲਾ ਕੇ ਮਾਲਿਸ਼ ਕਰੋ। 21 ਮਿੰਟ ਬਾਦ ਇਸ਼ਨਾਨ ਕਰੋ। ਇਸ ਨਾਲ ਚਮੜੀ ਦੀ ਖੁਸ਼ਕੀ ਠੀਕ ਹੋ ਜਾਵੇਗੀ। ਮਟਰ ਤਾਂ ਸਿਹਤ ਅਤੇ ਧਰਤੀ ਲਈ ਇੱਕ ਵਰਦਾਨ ਹਨ। ਇਹਨਾਂ ਵਿੱਚ ਫੈਟ ਤਾਂ ਘੱਟ ਹੁੰਦੀ ਹੈ ਪਰ ਬਾਕੀ ਸਾਰਾ ਕੁਝ ਜ਼ਿਆਦਾ ਹੁੰਦਾ ਹੈ। ਇੱਕ ਕੱਪ ਮਟਰਾਂ ਵਿੱਚ 100 ਤੋਂ ਵੀ ਘੱਟ ਕੈਲਰੀਆਂ ਪਰ ਪ੍ਰੋਟੀਨ ਬਹੁਤ ਜ਼ਿਆਦਾ ਅਤੇ ਹੋਰ ਵੀ ਮਾਈਕਰੋ ਤੱਤ ਅਤੇ ਫਾਈਬਰ ਜ਼ਿਆਦਾ ਹੁੰਦੇ ਹਨ। ਇਸ ਗੁਣ ਕਰ ਕੇ ਇਹ ਭਾਰ ਘਟਾਉਣ ਲਈ ਮਦਦ ਕਰ ਸਕਦੇ ਹਨ ਅਤੇਇਹਨਾਂ ਦਾ ਰੰਗ ਹਰਾ ਹੋਣ ਕਰਕੇ ਪਲੇਟ ਦੀ ਹਰਿਆਵਲ ਵਿੱਚ ਵਾਧਾ ਕਰਦੇ ਹਨ।

ਮਟਰਾਂ ਵਿੱਚ ਕੂਮੈਸਟਰੋਲ ਨਾਮਕ ਪੋਲੀਫੀਨੋਲ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ ਜਿਸ ਕਰਕੇ ਇਹ ਪੇਟ ਦੇ ਕੈਂਸਰ ਤੋਂ ਬਚਾਅ ਕਰ ਸਕਦੇ ਹਨ।

ਮਟਰਾਂ ਵਿੱਚ ਐਂਟੀ ਆਕਸੀਡੈਂਟ ਕਾਫੀ ਮਾਤਰਾ ਵਿੱਚ ਹੁੰਦੇ ਹਨ। ਫਲੈਵੀਨਾਇਡ (ਕੈਟੇਚਿਨ ਅਤੇ ਐਪੀਕੈਟੇਚਿਨ), ਕੈਰੋਟੀਨਾਇਡ (ਅਲਫਾ ਅਤੇ ਬੀਟਾ ਕੈਰੋਟੀਨ), ਫੀਨੋਲਿਕ ਐਸਿਡ (ਫੀਰੂਲਿਕ ਅਤੇ ਕੈਫਿਕ ਐਸਿਡ) ਅਤੇ ਪੋਲੀਫੀਨੋਲ ਕੂਮੈਸਟਰੋਲ। ਏਸੇ ਕਰਕੇ ਕੀ ਇਹ ਸਰੀਰ ਦੇ ਸੁਰੱਖਿਆ ਕਵਚ ਨੂੰ ਤਗੜਾ ਕਰਦੇ ਹਨ ਤੇ ਸਰੀਰ ਨੂੰ ਚੁਸਤ ਰੱਖਣ ਲਈ ਮਦਦ ਕਰਦੇ ਹਨ।

ਮਟਰਾਂ ਵਿੱਚ ਐਂਟੀ ਇਨਫਲਾਮੇਟੋਰੀ (ਸੋਜ ਨਾਸ਼ਕ) ਗੁਣ ਹਨ ਜਿਸ ਕਰਕੇ ਇਹ ਦਿਲ ਦੇ ਰੋਗਾਂ, ਕੈਂਸਰ ਅਤੇ ਚਮੜੀ ਦੀ ਸਿਹਤ ਠੀਕ ਰੱਖਣ ਲਈ ਮਦਦ ਕਰ ਸਕਦੇ ਹਨ। ਪੀਸੂਮਾਪੋਨਿਨ 1 ਤੇ 2, ਪੀਸੋਮੋਸਾਈਡ ਏ ਤੇ ਬੀ ਐਂਟੀ ਇਨਫਲਾਮੈਟੋਰੀ ਤੱਤ ਹਨ ਜੋ ਕਿ ਸਿਰਫ ਮਟਰਾਂ ਵਿੱਚ ਹੀ ਪਾਏ ਜਾਂਦੇ ਹਨ। ਵਿਟਾਮਿਨ ਸੀ, ਵਿਟਾਮਿਨ ਈ ਅਤੇ ਜ਼ਿੰਕ ਨਾਮਕ ਐਂਟੀ ਆਕਸੀਡੈਂਟ ਵੀ ਕਾਫੀ ਮਾਤਰਾ ਵਿੱਚ ਹੁੰਦੇ ਹਨ। ਓਮੇਗਾ 3 ਫੈਟ ਵੀ ਅਲਫਾ ਲਿਨੋਲੀਨਿਕ ਐਸਿਡ ਦੇ ਰੂਪ ਵਿੱਚ ਹੁੰਦੀ ਹੈ। ਮਟਰਾਂ ਵਿਚਲਾ ਫਾਈਬਰ ਕਬਜ ਦੂਰ ਕਰਨ ਵਿੱਚ ਸਹਾਇਕ ਹੁੰਦਾ ਹੈ। ਸਭ ਤੋਂ ਜ਼ਿਆਦਾ ਮਟਰ ਕੈਨੇਡਾ ਵਿੱਚ ਉਗਾਏ ਜਾਂਦੇ ਹਨ। ਇਹਨਾਂ ਨੂੰ ਸਬਜ਼ੀ ਸਮਝਿਆ ਜਾਂਦਾ ਹੈ ਪਰ ਇਹ ਅਸਲ ਵਿੱਚ ਹਰੇ ਰੰਗ ਦੇ ਫਲ ਹਨ ਜੋ ਕਿ ਫੁੱਲਾਂ ਤੋਂ ਬਣਦੇ ਹਨ। ਤਾਜ਼ੇ ਮਟਰਾਂ ਦੀ ਕੋਈ ਰੀਸ ਨਹੀਂ ਪਰ ਜੇ ਫਰੀਜ਼ ਕੀਤੇ ਜਾਂ ਡੱਬੇ ਵਾਲੇ ਹੋਏ ਵਰਤਣੇ ਪੈਣ ਤਾਂ ਚੰਗੀ ਤਰ੍ਹਾਂ ਧੋ ਲੈਣੇ ਚਾਹੀਦੇ ਹਨ ਤਾਂ ਕਿ ਵਾਧੂ ਸੋਡੀਅਮ ਤੋਂ ਬਚਾਅ ਕੀਤਾ ਜਾ ਸਕੇ।

ਨੋਟ: ਮਟਰਾਂ ਵਿੱਚ ਪਿਊਰੀਨ ਨਾਮਕ ਤੱਤ ਹੁੰਦਾ ਹੈ। ਜਿਨ੍ਹਾਂ ਨੂੰ ਵੀ ਗੁਰਦੇ ਦਾ ਜਾਂ ਗਠੀਏ ਦਾ ਰੋਗ ਹੋਵੇ ਉਨ੍ਹਾਂ ਨੂੰ ਹਰੇ ਮਟਰ ਨਹੀਂ ਵਰਤਣੇ ਚਾਹੀਦੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube




* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES
## WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kings Sports Club Sacramento
5th world Kabaddi Cup
on September 24th, 2017
Gurdwara Dasmesh Darbar Sacramento
7733 Elk Grove Florin Road Sacramento CA 95829
KINGS OF KABADDI
Sponsors
SD Truck World Inc.
Autobahn Fast Express
Davinder Singh (US Transport), Amarjit S. Bassi (S&B Trucking), Davinder Singh, JM Truck, Magal Bhandal, Chardi Kala American Sikh Society, Desi Swag, Lakhvir Singh (Aujla Trucking), Sam Gill (Sunrise Trucking Inc. Ceres), NFL Trucking, Chuhar Singh Sanghel, Tirath S. Mean, Major S. Dairs (Sam's Auto Repair & Services), Inderjit Singh (Chinra Jewellers Inc.), Manjit Uppal, C & A, Ravinder Singh Dhaiwal, Sohal Brother, Maneet Global, Kulwant S. Lashe, Tarlochan Lasher, Deeza (Lali Trucking), Super Express, Baljit S Sahota, Shri Guru Ravidass Sabha (Rio Linda), Bhupinder S. Birring (P&K Trucking), Fanbir & Herry (NT. INC.) Suman Transport Lathrop, Raj Master, Wight Hawk,
Balwinder S. Dhoot (Joe's Travel Plaza), Rajvir Singh, Vrinder Singh, Gurchran Singh, Rajinder Pal Singh, Rajvir Singh, Kulvir S. Nijjar (India Tsop), Jagmohar Singh, Narinder Singh, Janither Singh, West Trucking & Trailer, Sukwinder Ajimal, Bagga Jeweler, Kings Express, Imperial Trucking, Jugraj Sekhon, Pal Pharwala, Tirath Sahota, Kesar Singh, Jasvir Rana, Jason Trucking, Sukhjiwan Singh (Pal Liquor), Kesar Singh, Satvinder S. Reehal (One Stop Smog), Skinder Singh (Punjabi Dhaba), Malkit Singh (MC Transportation), Rupinder Grewal (Grewal Trucking), Kaja (MGM Wholesale), Rajveer S. Nahal, Sukhdev S. Hundal, Balwinder S. Baura, Parminder S. Virk, Karamdeep & Harpreet Banis, Sprint Carriers, R & S Brother, DHS Trucking, West Coast,
Gurpreet Singh (GPS Chahal Inc), BSP Enterprises, Dhaliwal Brothers Trucking, Rajinder S. Dhgnci, Sarabjit Singh, Kulwinder S. Dhadwal,
GURDWARA DASMESH DARBAR
Coach
ਮੇਚ ਦੌਰਾਨ ਕੁਮੈਂਟਰੀ ਕਰਨਗੇ
Makhan Ali
Star Kabaddi Players
Sandeep Nangal Ambian
Pala Jalalpur
Dulla Dagga Pind
Johny Gill
Navi Iobal
Yadd Kelli
Gurpreet
Rubi Hakhowal
Chana Bhadan wala
Hassan
Arsh Chohla Sahib
Sandeep Surkhpur
Bma Dhaliwal
Sattu Khadoor Sahib
Mani Sandhu
Khushi Duggan
Gurpreet Burj Hari
Gogo Rurkee
Happy Gaala
Vicky Ghuman
ਕਬੱਡੀ ਕੱਪ ਦਾ ਆਨੰਦ ਮਾਨਣ ਲਈ
ਸੰਗਤਾਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ
Kabaddi Open Under 25 & 21
ਇਸ ਵਰਲਡ ਕੱਪ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਇੰਡੀਆ ਤੋਂ ਦੁਨੀਆ ਦੇ ਮਹਾਨ ਖਿਡਾਰੀ ਭਾਗ ਲੈ ਰਹੇ ਹਨ।
Sarabjit Singh
(Shaba Thiara)
THIARA
Jaspreet Singh
Attorney at Low
1st Prize under 21
Punjab Insurance Ajency
& Sterling Real Estate
2nd Prize under 21
Kabaddi Under 25, First Prize
Nijjar Brother & Gosal Brothers Yuba City
Kabaddi Under 25
Sponsors
First Prize
$ 15000 Charda Punjab
Club Sacramento
Jaswinder Singh Shergill, Parmjit Khaira, Gurdev Sohal, Kulwinder Sangha, Sukhwinder Bath Malaghar Khaira, Kulceep Cheema, Balwinder Virk, Sewa Sidhu, Shiv Heera, Baljit Bassi, Jaswinder Rai, Ravinder Johal, Makhan Jhatti, Lakhvir Sangha, Balraj Rardhawa, Gurcharan Atwal, Harjinder Bajwa, Kulvir Chauhan, Randhir Dosanjh, Surjit Cheema, Parminder Dhaha, Rajinder Johal, Surinder Sajan, Gursant Singh, Lucky Ghuman, Kulwant Boparai
2nd Prize, $ 13000
Boparai Brothers & jagjit Singh Rakkar
3rd Prize, $ 11000
Diamond Transportation
DIAMOND TRANSPORTATION
Bata Dhillon, Prince Hothi, Baljit Sekhon, Bata Lodhi, Joe Sandhu, Ranveer Dosanjh, Amarjit Kang, Inderjit Sidhu, Harbhajan Hothi
Members of Kings Sports Club Sacramento
ਹੋਰ ਜਾਣਕਾਰੀ ਲਈ ਸੰਪਰਕ ਕਰੋ : Sital Singh Nijjar 916-417-8897, Gurek Singh Dhillon (916) 201-1863, Sukhi Sekhon (209) 389-5669, Kinda Ramidi (916) 870-3305, Baljit Singh Bassi 916-945-6758